# ਤ੍ਰੈਕਾਲ ਤੇ ਤ੍ਰਿਵੇਣੀ



ਚਰਨ ਸਿੰਘ

# ਤ੍ਰੈਕਾਲ ਤੇ ਤ੍ਰਿਵੇਣੀ

## (ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

**Trekal Te TIRVAYNEE**

(A Collection of Poems)

By : CHARAN SINGH
9251 ARVIDA, DR.
RICHMOND B.C.
V7A4K5
CANADA
Phone : 604-448-0331

N Author

Edition: 2012

Price : Rs. 200/-

Title Designed by : Daljeet Saini

**Published by :**
Punjab Book Centre
Sector 22, Chandigarh
Tel. : 0172-2701952, 27855056

---

ਤ੍ਰੈਕਾਲ ਤੇ ਤ੍ਰਿਵੇਣੀ (ਕਾਵਿ-ਸੰਗ੍ਰਹਿ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡ਼ੀਆ ਪਰਿੰਟਰਜ਼, ਚੰਡੀਗੜ੍ਹ

ਬੜੇ ਸਤਿਕਾਰ ਤੇ ਪਿਆਰ ਨਾਲ
ਆਪਣੇ ਗੁਰੂਦੇਵ
ਡਾ. ਐਸ.ਪੀ. ਸਿੰਘ ਜੀ ਨੂੰ ਸਮਰਪਿਤ

<u>ਇਸੇ ਕਲਮ ਤੋਂ</u>

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸੂੱਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗਜ਼ਲ ਸੰਗ੍ਰਹਿ) 2011
* ਰਿਸ਼ਮਾ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012

## ਚਰਨ ਸਿੰਘ ਦਾ ਜੀਵਨ—ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947

ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ

ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ

ਪਤਨੀ : ਪ੍ਰਕਾਸ਼ ਕੌਰ

ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ

ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ

ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

<u>ਛਪਾਈ ਅਧੀਨ ਪੁਸਤਕਾਂ</u>

(1) ਹੰਝੂਆਂ ਦੇ ਦਰਿਆ (ਗੀਤਾਂ ਦਾ ਸੰਗ੍ਰਹਿ)
(2) ਮੈਂ ਪਗਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ)
(3) ਹੋਂਦ ਦੀ ਤਲਾਸ਼ (ਲੰਬੀ ਕਵਿਤਾ)
(4) ਬੁੱਕਲ (ਕਾਵਿ ਸੰਗ੍ਰਹਿ)
(5) ਕੁਕਨੂਸ (ਕਾਵਿ ਸੰਗ੍ਰਹਿ)
(6) ਕੋਰਾ ਕਾਗਜ਼ (ਕਾਵਿ ਸੰਗ੍ਰਹਿ)
(7) ਮੌਲੀ ਧਰਤੀ (ਕਾਵਿ ਸੰਗ੍ਰਹਿ)
(8) ਸੰਤੁਲਨ (ਕਾਵਿ ਸੰਗ੍ਰਹਿ)
(9) ਖ਼ਾਲੀ ਘਰ (ਕਾਵਿ ਸੰਗ੍ਰਹਿ)
(10) ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ)
(11) ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ)
(12) ਪ੍ਰਦਰਸ਼ਨੀ (ਕਾਵਿ ਸੰਗ੍ਰਹਿ)
(13) ਸਮਾਧੀ (ਕਾਵਿ ਸੰਗ੍ਰਹਿ)
(14) ਖੰਭ ਤੇ ਪ੍ਰਵਾਜ਼ (ਕਾਵਿ ਸੰਗ੍ਰਹਿ)
(15) ਮੁਕਤੀ (ਲੰਬੀ ਕਵਿਤਾ)
(16) ਕਾਂਤੀ (ਕਾਵਿ ਸੰਗ੍ਰਹਿ)
(17) ਹਸਤਨਾਪੁਰ (ਕਾਵਿ ਸੰਗ੍ਰਹਿ)
(18) ਜਗਿਆਸਾ (ਕਾਵਿ ਸੰਗ੍ਰਹਿ)
(19) ਪ੍ਰਦੂਸ਼ਨ (ਕਾਵਿ ਸੰਗ੍ਰਹਿ)
(20) ਬਸਤੀ ਤੇ ਸ਼ਹਿਰ (ਕਾਵਿ ਸੰਗ੍ਰਹਿ)
(21) ਅਰਥ (ਕਾਵਿ ਸੰਗ੍ਰਹਿ)
(22) ਸੁਰਖਸ਼ਾ (ਕਾਵਿ ਸੰਗ੍ਰਹਿ)
(23) ਮਹਿਮਾ (ਕਾਵਿ ਸੰਗ੍ਰਹਿ)
(24) ਆਗਮਨ (ਕਾਵਿ ਸੰਗ੍ਰਹਿ)
(25) ਚੁੱਪ ਦੀ ਅਵਾਜ਼ (ਕਾਵਿ ਸੰਗ੍ਰਹਿ)
(26) ਕਿਵ ਸੱਚਿਆਰਾ ਹੋਈਐ (ਨਾਟਕ)

# ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ
ਚਰਨ ਸਿੰਘ ਦੀਆਂ ਪੁਸਤਕਾਂ ਤੇ Ph.D. ਕੀਤੀ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


1. ਨੂਰ ਦਾ ਸਾਗਰ
2. ਨਦੀ ਦੀ ਅੱਗ
3. ਜ਼ਿਮੀਂ
4. ਸਾਲਾਂ ਦੀ ਦੇਹ
5. ਪੁਲ
6. ਤੇਰਾ ਸੀ
7. ਸਬੂਲ
8. ਆਦੀ
9. ਦੋਫਾੜ
10. ਰੀਂਗਾ ਜਲ
11. ਰਾਹ
12. ਸੱਚ
13. ਮੁੜਣ ਦਾ ਭਾਰ
14. ਸੰਕਲਪ
15. ਬ੍ਰਹਿਮੰਡਲ ਤਬਦੀਲੀ
16. ਪਿੰਜਰਾ
17. ਪਹਿਚਾਣ
18. ਨਦੀ
19. ਭਾਲ
20. ਤੇਰਾ ਆਉਣਾ
21. ਮੀਲ ਪੱਥਰ
22. ਰੇਸ਼ਿਆਂ ਦੇ ਧਾਗੇ
23. ਸੜਕ ਦਾ ਜਾਇਆ
24. ਭੀੜ
25. ਫੁੱਲ ਤੇ ਪੱਥਰ
26. ਤੂੰ ਮੇਰੇ ਕੋਲ ਹੁੰਦੀ ਹੈਂ
27. ਤੂੰ ਨਦੀ ਮੈਂ ਦਰਿਆ
28. ਜਰੂਰਤਾਂ ਦਾ ਸ਼ਮਸ਼ਾਨ
29. ਘਰ ਦੀ ਤਲਾਸ਼
30. ਜ਼ਖ਼ਮ ਦਿਲ ਦੇ

## ਨੂਰ ਦਾ ਸਾਗਰ

ਉਹ
ਜਦ ਵੀ ਮੇਰੇ ਅੰਦਰ ਉਤਰਿਆ
ਮੈਨੂੰ ਧੋਇਆ ਨਿਚੋੜਿਆ ਸੁੱਕਾਇਆ
ਤੇ ਸੁੰਦਰ ਬਣਾ ਦਿਤਾ
ਮੈਨੂੰ ਦਰਪਣ ਸਾਵੇਂ ਬਿਠਾ ਦਿਤਾ
ਮੈਂ ਆਪਣੇ ਆਪ ਤੇ
ਮੋਹਿਤ ਹੁੰਦਾ ਰਿਹਾ
ਆਪਣੀ ਸੁੰਦਰਤਾ ਤਰਦਾ
ਤੇ ਡੁੱਬਦਾ ਰਿਹਾ

-0-

ਇਹ ਉਹ ਸੀ
ਜਿਸ ਚਿੱਕੜ ਚੋਂ ਕੰਵਲ ਉੱਗਾ ਦਿਤਾ
ਇਕ ਪੱਥਰ ਨੂੰ ਤਰਾਸ਼ਿਆ
ਤੇ ਬੁੱਤ ਬਣਾ ਦਿਤਾ

-0-

ਉਹ ਕਦੀ
ਮੈਨੂੰ ਤਾਰਿਆਂ ਦੀ ਛਾਂ
ਹੇਠ ਲੈ ਜਾਂਦਾ
ਕਦੀ ਸੂਰਜ ਦੇ ਸ਼ੀਸ਼ੇ 'ਚ ਸੇਕਦਾ
ਜਿਉਂ ਜਿਉਂ
ਉਹ ਮੈਨੂੰ ਤਪਾਉਂਦਾ ਉੱਬਾਲਦਾ

ਮੇਰੇ ਚੋਂ ਮੇਰਾ ਮੈਲਾ ਉਤਾਰਦਾ
ਉਹ ਸੁਹਾਗਾ
ਸੋਨੇ ਨੂੰ ਨਿਖਾਰਦਾ

–0–

ਉਹ
ਕਦੀ ਮੈਨੂੰ ਸਾਗਰ 'ਚ ਸਮੇਟਦਾ
ਸਹਿਰਾ 'ਚ ਨੰਗੇ ਪੈਰੀਂ ਤੋਰਦਾ
ਧਰਤੀ ਦੀ ਗੋਦ 'ਚ ਉਤਾਰਦਾ
ਜੰਗਲੀ ਹਰਿਆਵਲ 'ਚ ਘੋਲਦਾ
ਅੰਦਰ ਦੀ ਅੱਗ ਫਰੋਲਦਾ
ਮੇਰੇ ਹੱਥੀਂ ਕਾਸਾ ਫੜਾ ਦਿੰਦਾ
ਪਿੰਡ ਮੰਗਣ ਲਾ ਦਿੰਦਾ
ਮੇਰੇ ਅੰਦਰ ਦੀ ਪੌਣ ਛਾਣਦਾ
ਪੁੱਣਦਾ ਤੇ ਰੋਲਦਾ
ਮੇਰੇ ਜ਼ਲ ਦਾ ਪਿੰਡਾ ਨਿਚੋੜਦਾ
ਮੇਰੀ ਦੇਹ ਦੀ ਮਿੱਟੀ ਨੂੰ ਫੋਲਦਾ

–0–

ਉਹ
ਮੈਨੂੰ ਦੇਹ ਦੀ ਸਮੱਗਰੀ
ਵਸਤੂ ਸੰਸਾਰ.
ਤੇ ਮੈਨੂੰ ਆਪਣੇ ਆਪ ਤੋਂ
ਦੂਰ ਕਰਦਾ ਗਿਆ
ਤੇ ਮੇਰੇ ਆਪੇ 'ਚ
ਮਿੱਟੀ ਦੀ ਤਾਸੀਰ ਜ਼ਮੀਰ

ਤੇ ਸੁਗੰਧ ਧਰਦਾ ਗਿਆ
ਦੇਹ ਲਹੂ ਚਿਹਰੇ ਦੀ ਕਸ਼ਿਸ਼
ਸਾਹਾਂ ਦੀ ਤ੍ਰਿਸ਼ਨਾ
ਕਾਮ ਕ੍ਰੋਧ ਲੋਭ ਮੋਹ ਹੰਕਾਰ
ਪਟਕਾ ਪਟਕਾ ਕੇ ਪੱਥਰ ਤੇ
ਮੇਰੀ ਚੇਤਨਾ ਚੋਂ
ਮਨਫ਼ੀ ਕਰਦਾ ਗਿਆ

-0-

ਮੈਂ ਜਦੋਂ
ਦੇਹ ਤੇ ਪ੍ਰਾਣ ਬਿਨਾਂ ਨੂਰ ਹੋ ਗਿਆ
ਉਹ ਮੈਨੂੰ ਬੋਲਿਆ
ਹੁਣ ਤੂੰ ਸ਼ੁੱਧ ਹੈਂ
ਦੁਨੀਆਂ ਦੇ ਮੋਹ ਮਾਇਆ ਤੋਂ ਦੂਰ ਹੈਂ
ਮੈਂ ਆਪਣਾ ਹਿਰਦਾ
ਤੇਰੇ ਲਈ ਖੋਲ੍ਹ ਸਕਦਾ ਹਾਂ
ਤੇਰੇ 'ਚ ਰਹਿ ਤੁਰ ਤੇ ਬੋਲ ਸਕਦਾ ਹਾਂ

-0-

ਮੈਂ ਉਹਦੇ
ਹਿਰਦੇ 'ਚ ਜਦ ਪੈਰ ਸੀ ਪਾਇਆ
ਦੁਨੀਆਂ ਦੇ ਹਰ ਸ਼ਖ਼ਸ ਚੋਂ
ਉਹ ਨਜ਼ਰ ਸੀ ਆਇਆ
ਮੇਰੀ ਪਹਿਚਾਣ ਖੋਹ ਗਈ
ਮੈਂ ਬੂੰਦ ਆਪਣੇ ਸੁੱਖ ਨੂੰ ਅਪੜੀ
ਨੂਰ ਦੇ ਸਾਗਰ ਦੀ ਹੋਂਦ ਹੋ ਗਈ

---

## ਨਦੀ ਦੀ ਅੱਗ

ਨਦੀ ਦੀ ਦੇਹ ਨੂੰ ਅੱਗ ਲਗੀ ਹੈ
ਨਦੀ ਜੋ ਕੰਢਿਆਂ ਤੋਂ ਬਾਹਰ ਵਗੀ ਹੈ
ਹੱਵਸ ਦੀ ਅੱਗ 'ਚ ਇਨ੍ਹੀ ਸ਼ੁਦਾਈ ਹੈ
ਕਿ ਨਦੀ ਦੇ ਮੱਥੇ 'ਚ
ਸਮੁੰਦਰੀ ਕਾਮਨਾ ਦੀ ਬਾੜ ਆਈ ਹੈ

-0-

ਆਪਣਾ ਰਾਹ ਭੁੱਲ ਗਈ ਹੈ
ਆਪਣੀ ਹੱਵਸ 'ਚ ਡੁੱਬ ਗਈ ਹੈ
ਦਿਸ਼ਾਹੀਣ ਹੋ ਗਈ ਹੈ
ਸੰਯਮ ਤੇ ਸੁਰਤੀ ਗਵਾ ਲਈ ਹੈ
ਮਸਤਕ ਦੀ ਜੋਤ ਬੁਝਾ ਲਈ ਹੈ
ਅੱਖਾਂ ਮੀਚ ਲਈਆਂ ਹਨ
ਹੱਵਸ ਦੀ ਅੱਗ
ਨਦੀ ਦਾ ਵਜੂਦ ਖਾ ਗਈ ਹੈ

-0-

ਆਪਣਾ ਸੰਤੁਲਨ ਤੇ ਅਨੁਸ਼ਾਸਨ
ਵਿਸਾਰ ਬੈਠੀ ਹੈ
ਆਪਣੀ ਅੱਗ ਤੈਰਦੀ ਤੈਰਦੀ
ਸਮੁੰਦਰੀ ਅੱਗ ਦਾ
ਹੋ ਸ਼ਿਕਾਰ ਬੈਠੀ ਹੈ
ਆਪਣੀ ਦੇਹ ਦੀ ਹੱਵਸ ਦਾ
ਦਾਵਾਨਲ ਤੇ ਅੰਗਾਂ ਦਾ ਤਾਅ ਠਾਰ
ਬੈਠੀ ਹੈ

ਹੁਣ ਸਮੁੰਦਰ ਦੀ ਅੱਖ 'ਚ
ਨਦੀ ਦੀ ਜਿਉਂਦੀ ਲਾਸ਼ ਤਰਦੀ ਹੈ
ਇਕ ਪਲ ਜਿਉਣ ਲਈ
ਹਰ ਪਲ ਮਰਦੀ ਹੈ

-0-

ਨਦੀ ਆਪਣੀ ਦੇਹ ਚੋਂ
ਹੱਵਸ ਨਿਚੋੜਦੀ ਹੈ
ਸਮੁੰਦਰ ਦਾ ਬਦਨ
ਆਪਣੇ ਤੋਂ ਅਲਗ ਕਰਦੀ ਹੈ
ਆਪਣੀ ਲੂਹੀ ਸ਼ੀਤਲਤਾ ਨੂੰ
ਕੰਢਿਆਂ ਤੇ ਖੜ੍ਹ ਖੜ੍ਹ ਕੇ ਪੁਕਾਰਦੀ ਹੈ
ਆਪਣੇ ਦਰਪਣ ਚੋਂ
ਆਪਣਾ ਚਿਹਰਾ ਤੱਕਦੀ ਹੈ
ਤਾਂ ਆਪਣੇ ਆਪ ਨੂੰ ਦੱਸਦੀ ਹੈ

-0-

ਮੇਰੀ ਅੱਗਣ ਬਿੰਦੂ ਸੀ
ਸਮੁੰਦਰੀ ਅੱਗਣ ਦਾਇਰਾ ਸੀ
ਮੈਂ ਇਕ ਚਿੰਗਾਰੀ ਸਾਂ
ਸਮੁੰਦਰ ਦੀ ਅੱਗ
ਸੜਦਾ ਸਹਿਰਾ ਸੀ
ਸਮੁੰਦਰੀ ਅੱਗਣ ਨਾਲ
ਮੇਰਾ ਮੇਲ ਨਹੀਂ ਸੀ
ਮੈਂ ਆਪਣੀ ਅੱਗ 'ਚ ਸੜਦੀ ਸੀ
ਸਮੁੰਦਰੀ ਅੱਗ ਨਾਲ ਖੇਡਣਾ
ਆਪਣੇ ਆਪ 'ਚ ਬਲਣਾ ਸੀ

-0-

ਮੈਂ ਆਪਣਾ ਸੰਤੁਲਨ ਤੇ ਸੰਯਮ
ਹੱਵਸ ਦੀ ਅੱਗ 'ਚ ਖੋਇਆ ਹੈ
ਪਿਆਰ ਦੀ ਥਾਂ
ਹੱਵਸ ਦਾ ਬੀਜ ਆਪਣੀ ਦੇਹ 'ਚ ਬੋਇਆ ਹੈ
ਇਹ ਸੜਣ ਤੋਂ ਸੜਣ ਤਕ ਦੀ ਇੱਛਾ ਹੈ
ਸੱਚ ਨੂੰ ਜਾਨਣ ਦੀ ਚਾਹ ਨਹੀਂ
ਨਦੀ ਲਈ
ਸਮੁੰਦਰ ਦੀ ਹੋਂਦ ਹੋਣ ਦਾ ਰਾਹ ਨਹੀਂ

-0-

ਮੈਂ ਆਪਣੀ
ਅੱਗਣ ਤੇ ਜਲ ਦੀ
ਬਰਾਬਰ ਇਕਾਈ ਜੇ ਕਾਇਮ ਰੱਖਦੀ
ਆਪਣੇ ਸੱਚ ਨੂੰ ਅਪੜਦੀ
ਸੱਚ ਦੀ ਹੋਂਦ ਲੱਗਦੀ
ਸਮੁੰਦਰ ਦੇ ਮਸਤਕ 'ਚ ਬਣਕੇ ਜੋਤ ਜਗਦੀ

-0-

ਹੁਣ ਕੋਲੇ ਹੋਈ ਮੇਰੀ ਲਾਸ਼
ਸਮੁੰਦਰ ਤੇ ਤੈਰਦੀ ਹੈ
ਦਰਿਆਵਾਂ ਨਦੀਆਂ ਚਸ਼ਮਿਆਂ
ਤੇ ਝਰਨਿਆਂ ਨੂੰ ਕਹਿੰਦੀ ਹੈ
ਆਪਣੀ ਔਕਾਤ 'ਚ ਰਹੋ
ਸੰਤੁਲਨ ਤੇ ਸੰਯਮ ਕਾਇਮ ਰੱਖੋ
ਭੈਅ 'ਚ ਵਗੋ
ਸੱਚ ਨੂੰ ਸਮਝੋ ਸੱਚ ਨੂੰ ਮਿਲੋ
ਸੱਚ ਦਾ ਰੂਪ ਹੋ ਜਾਓ
ਨਦੀਆਂ ਤੋਂ ਸਾਗਰ ਕਹਿਲਾਓ
ਮੇਰੇ ਵਾਂਗ ਨਾ ਤਰਦੀ ਲਾਸ਼ ਨਜ਼ਰ ਆਓ

---

## ਜ਼ਿਮੀਂ

ਮੈਂ ਹਲ ਕਹੀ ਖੁਰਪਾ ਦਾਤੀ ਬਣਾ
ਆਪਣੀ ਦੇਹ ਦੀ ਜ਼ਿਮੀਂ ਵਾਹਾਂ
ਤੇ ਸੂਰਜਾਂ ਦੀ ਫ਼ਸਲ ਉੱਗਾਵਾਂ

-0-

ਸੂਰਜ
ਜੋ ਅੰਨ੍ਹ ਦੇ ਖੇਤਾਂ
ਸਰਹੱਦਾਂ ਤੇ ਮੁਲਕਾਂ ਦੇ ਪਹਿਰੇਦਾਰ ਹੋਣ
ਆਪਣੇ ਤੇ ਲੋਕਾਂ ਦੇ
ਰਾਖੇ ਹੋਣ
ਸੂਰਜ
ਜੋ ਮਨੁੱਖਤਾ ਦੀ ਅਜ਼ਮਤ ਤੇ ਵਿਕਾਰ
ਦੇ ਸੰਤ ਸਿਪਾਹੀ ਹੋਣ
ਸੂਰਜ ਜੋ
ਦੁਨੀਆਂ ਦੀ ਮੁਹੱਬਤ ਦੇ ਸ਼ੁਦਾਈ ਹੋਣ

-0-

ਮੈਂ ਦੇਹ ਦੀ ਜ਼ਿਮੀਂ ਵਾਹਾਂ
ਖੇਤਾਂ 'ਚ ਚੰਨਾਂ ਤਾਰਿਆਂ ਸੂਰਜਾਂ
ਤੇ ਅੰਬਰਾਂ ਦੇ ਬੋਹਲ ਲਾਵਾਂ
ਧਰਤੀ ਦੇ ਸੀਨੇ ਠੰਢੀ ਚਾਂਦਨੀ ਉਤਾਰਾਂ
ਪ੍ਰਕਿਰਤੀ ਦੀ ਸੁੰਦਰਤਾ ਨੂੰ
ਚਾਰ ਚੰਨ ਲਾਵਾਂ
ਤੇ ਨਿੰਮੀ ਨਿੰਮੀ ਮਹਿਕ ਮਿੱਟੀ ਦੀ
ਵਿਸ਼ਵ ਘਰ ਦੇ ਆਂਗਣ 'ਚ ਖਿਲਾਰਾਂ

-0-

ਮੈਂ ਦੇਹ ਦੀ ਮਿੱਟੀ ਸੁਹਾਗਾਂ
ਸਾਗਰ ਨਦੀਆਂ ਦਰਿਆ
ਤੇ ਬੱਦਲ ਉੱਗਾਵਾਂ
ਜੋ ਧਰਤੀ ਨੂੰ ਸਿੰਜਣ
ਸਹਿਰਾ ਨੂੰ ਹਰਿਆ ਕਰਨ
ਬੱਦਲ ਬਣਕੇ ਕਣੀਆਂ
ਮਨੁੱਖਤਾ ਦੇ ਤਪਦੇ ਪਿੰਡੇ ਤੇ ਵਰ੍ਹਨ
ਠੰਢ ਵਰਤਾਉਣ
ਤੇ ਕ੍ਰੋਧ ਦੀ ਅੱਗਣੀ ਮਿਟਾਉਣ

-0-

ਮੈਂ ਦੇਹ ਦੀ ਮਿੱਟੀ ਜ਼ਰਖੇਜ ਕਰਾਂ
ਮੌਸਮਾਂ ਬਹਾਰਾਂ ਰੁੱਤਾਂ ਤੇ ਖੁਸ਼ਬੂਆਂ
ਮਨੁੱਖ ਦੀ ਤਲੀ ਤੇ ਧਰਾਂ
ਜੋ ਪਤਝੜ ਦੇ ਲਹੂ 'ਚ ਤੁਰਨ
ਰੁੱਖਾਂ ਦੀਆਂ ਕਰੂੰਬਲਾਂ ਚੋਂ ਝਾਕਣ
ਗੁਲਜ਼ਾਰਾਂ 'ਚ ਰੰਗ ਭਰਨ
ਉਜਾੜਾਂ ਚੁੱਪਾਂ ਤੇ ਇਕੱਲਤਾ ਦੇ ਪਿੰਡੇ ਤਰਨ

-0-

ਮੈਂ ਪਿੰਡੇ ਦੀ ਧਰਤੀ ਉਲਟਾਵਾਂ
ਦਾਲਾਂ ਚੌਲਾਂ ਸਬਜ਼ੀਆਂ ਤੇ ਕਣਕ
ਦੇ ਭੰਡਾਰ ਉੱਗਾਵਾਂ
ਜੋ ਭੁੱਖੀ ਮਨੁੱਖਤਾ ਦੀ ਭੁੱਖ
ਤੇ ਪਿਆਸ ਮਿਟਾਵਣ
ਮਾਸੂਮ ਬੱਚਿਆਂ ਦੇ ਚਿਹਰਿਆਂ ਤੇ
ਰੌਣਕ ਲੈ ਆਵਣ
ਮਨੁੱਖ ਦੇ ਲਹੂ 'ਚ ਉਤਰ ਜਾਵਣ
ਮਨੁੱਖ ਨੂੰ ਮਨੁੱਖ ਦਾ ਸੱਚ ਸਮਝਾਵਣ

-0-

ਮੈਂ ਪਿੰਡੇ ਦੀ ਜ਼ਿਮੀਂ ਸਵਾਰਾਂ
ਮਨੁੱਖੀ ਰਿਸ਼ਤੇ ਤੇ ਮਨੁੱਖੀ ਹੋਂਦ ਦੇ
ਸੱਚ ਨੂੰ ਬੀਜਾਂ
ਤਾਂ ਕਿ ਮਨੁੱਖਤਾ ਤੇ ਮਨੁੱਖੀ ਰਿਸ਼ਤਿਆਂ
ਦੀ ਇਕਾਈ ਹੋ ਸਕੇ
ਮਨੁੱਖ ਆਪਣੀ ਹੋਂਦ ਦਾ ਸੱਚ ਜੀਵੇ
ਮਨੁੱਖੀ ਰਿਸ਼ਤਿਆਂ ਦਾ ਰਸ ਪੀਵੇ
ਮਨੁੱਖਤਾ ਲਈ ਮਰੇ
ਮਨੁੱਖਤਾ ਲਈ ਜੀਵੇ
ਮਨੁੱਖੀ ਹੋਂਦ ਦਾ ਸੱਚ ਮਨੁੱਖਤਾ ਚੋਂ
ਨਜ਼ਰ ਆਵੇ
ਮਨੁੱਖ ਹੀ ਆਪਣੇ ਆਪ ਦਾ
ਸਿਰਜਕ ਤੇ ਕਰਤਾ ਕਹਾਵੇ

-0-

ਮੈਂ ਪਿੰਡੇ ਦੀ ਜ਼ਿਮੀ 'ਚ ਉਤਰ ਜਾਵਾਂ
ਪਿਆਰ ਸੱਚ ਸੁੰਦਰਤਾ ਤੇ ਕਲਿਆਣ
ਦੇ ਦੀਪ ਜਲਾਵਾਂ
ਪਿਆਰ ਦੀ ਜੋਤ ਹਰਸ਼ੂ ਜਗੇ
ਸੱਚ ਤੇ ਸੁੰਦਰਤਾ ਦੀ ਪੌਣ
ਧਰਤੀ ਤੇ ਵਗੇ

-0-

ਮੈਂ ਪਿੰਡੇ ਦੀ ਧਰਤੀ ਦੀ
ਪਰਤ-ਦਰ-ਪਰਤ ਹੰਗਾਲਾਂ
ਚਿਰਾਗ ਅਮਨ ਦੇ ਬਾਲਾਂ

ਬਰੂਦ 'ਚ ਝੁਲਸ ਗਈ
ਕਾਇਨਾਤ ਦੇ ਸੀਨੇ ਠੰਡ ਪਾਵਾਂ
ਅੱਗ ਸੰਗ ਸੜਿਆਂ
ਖੇਤਾਂ ਨੂੰ ਹਰਿਆ ਕਰਾਂ
ਮਨੁੱਖ ਨੂੰ ਮਨੁੱਖੀ ਕਤਲ ਦਾ
ਅਹਿਸਾਸ ਹੋਵੇ
ਉਜੜੀ ਮਨੁੱਖਤਾ ਦਾ ਪਾਸ ਹੋਵੇ
ਬੇਦੋਸ਼ੇ ਲੋਕਾਂ ਦੇ ਲਹੂ ਸੰਗ
ਲਿਬੜੀਆਂ ਮੌਸਮਾਂ ਬਹਾਰਾਂ ਰੁੱਤਾਂ
ਦੀਆਂ ਲਾਸ਼ਾਂ
ਜੰਗਬਾਜ਼ਾਂ ਦੀ ਤਲੀ ਤੇ ਧਰਾਂ

-0-

ਮੈਂ ਆਪਣੇ ਪਿੰਡੇ ਦੀ ਧਰਤੀ
ਤਲੀ ਤੇ ਟਿੱਕਾਵਾਂ
ਮਨੁੱਖ ਦੇ ਮੱਥੇ ਧਰਤ ਦਾ
ਸੱਚ ਜਗਾਵਾਂ
ਮਨੁੱਖ ਦੁਨੀਆਂ ਦੀ ਭੀੜ ਨਾ ਹੋਵੇ
ਮਨੁੱਖ ਮਨੁੱਖ ਹੋਵੇ
ਮਨੁੱਖ ਦਾ ਇਮਾਨ ਹੋਵੇ
ਹਿੰਦੂ ਸਿੱਖ ਮੁਸਲਮਾਨ ਇਸਾਈ ਹੋਵੇ
ਕਿਸੇ ਵੀ ਧਰਮ ਦਾ ਹੋਣ ਤੋਂ ਪਹਿਲਾਂ
ਇਨਸਾਨ ਸਿਰਫ਼ ਇਨਸਾਨ ਹੋਵੇ

---

## ਸਾਲ੍ਹਾਂ ਦੀ ਦੇਹ

ਮੈਂ ਸਮਾਂ ਹੀ ਵਰਤਮਾਨ ਹਾਂ
ਭੂਤ ਭਵਿੱਖ ਦਾ ਤੀਰ ਹਾਂ
ਹੁਣ ਦੇ ਪਲ ਦਾ ਕਮਾਨ ਹਾਂ

-0-

ਮੇਰੀ ਉਮਰ ਦੇ ਕਈ ਸਾਲ
ਕਾਲੇ ਧੱਬੇ ਬਣ ਗਏ ਹਨ
ਇਨ੍ਹਾਂ 'ਚ ਟੋਏ ਟਿੱਬੇ ਤੇ ਖਾਈਆਂ
ਉੱਗ ਆਈਆਂ ਹਨ
ਮੇਰੇ ਸਾਲਾਂ ਲਈ
ਕਿਤੇ ਅੰਬਰ ਕਾਲਾ ਹੈ
ਕਿਤੇ ਧਰਤੀ ਮੈਲੀ ਹੈ
ਕਈ ਸਾਲਾਂ ਦੇ ਚਿਹਰੇ ਤੇ
ਕਬਰਾਂ ਦੀ ਫ਼ਸਲ ਲਹਿਰਾ ਰਹੀ ਹੈ
ਮੇਰੇ ਸਾਲਾਂ ਦੀ ਮੌਤ
ਮੇਰੀ ਜ਼ਿੰਦਗੀ ਨੂੰ ਖਾ ਰਹੀ ਹੈ।

-0-

ਕਈ ਸਾਲ
ਮੇਰੀ ਉਮਰ 'ਚ ਗੁਆਚ ਗਏ
ਮੇਰੀ ਸ਼ਕਲ
ਮੇਰੀ ਉਮਰ ਦਾ ਰਾਹ ਭੁੱਲ ਗਏ
ਕਈ ਹਾਸਿਆਂ 'ਚ
ਆਪਣੀ ਹੋਂਦ
ਆਪਣਾ ਵਜੂਦ ਤਿਆਗ ਗਏ

ਕਈ ਰਾਹਾਂ 'ਚ ਹੀ
ਉਮਰ ਦਾ ਸਾਥ ਛੱਡ ਗਏ
ਮੇਰੇ ਪੈਰਾਂ 'ਚ ਉਜਾੜਾਂ
ਮਸਤਕ 'ਚ ਹਾਦਸੇ ਧਰ ਗਏ

-0-

ਮੇਰਾ ਵਰਤਮਾਨ
ਸਾਲਾਂ ਦੀਆਂ ਹਨ੍ਹੇਰੀਆਂ
ਝੱਖੜਾਂ ਤੇ ਤੂਫਾਨਾਂ ਨਾਲ ਭਰਿਆ ਹੈ
ਮੇਰੀ ਉਮਰ ਨੇ
ਇਕ ਰੁੱਖ ਦੀ ਛਾਂ ਖਾਤਿਰ
ਅੱਗ ਦਾ ਦਰਿਆ ਤਰਿਆ ਹੈ

-0-

ਮੈਂ ਵਰਤਮਾਨ
ਭੂਤ ਤੇ ਭਵਿੱਖ ਦੇ ਵਿਚਕਾਰ ਦਾ ਹਿੱਸਾ ਹਾਂ
ਕਦੀ ਦਿਨ ਬਣ ਕੇ ਚੜ੍ਹਿਆ ਹਾਂ
ਕਦੀ ਰਾਤਾਂ 'ਚ ਡੁੱਬਾ ਹਾਂ
ਸਾਗਰ ਤੇ ਤਰਿਆ ਹਾਂ
ਸਹਿਰਾ ਤੇ ਤੁਰਿਆ ਹਾਂ
ਪੌਣਾਂ ਦੇ ਸਿੰਗੀਂ ਚੜ੍ਹਿਆ ਹਾਂ
ਅੰਬਰ 'ਚ ਲਟਕਿਆ ਹਾਂ
ਪਹਾੜਾਂ ਦਾ ਬਦਨ ਹੋਇਆ ਹਾਂ
ਰੇਤ ਵਾਂਗ ਭੁਰਿਆ ਹਾਂ
ਧਰਤ ਦੀ ਔੜ ਜੀਵੀ ਹੈ
ਹਰਿਆਉਲਾਂ 'ਚ ਸੜਿਆ ਹਾਂ

-0-

ਆਪਣੇ ਸਾਲਾਂ ਦੇ ਪਿੰਡੇ ਤੇ
ਭਵਿੱਖ ਲਈ
ਮੈਂ ਕਈ ਚਿੱਤਰ ਬਣਾਏ ਹਨ
ਪੱਥਰ ਕਿਤੇ ਫੁੱਲ ਰੰਗਾਂ 'ਚ
ਸਮਾਏ ਹਨ
ਸਾਗਰ
ਜ਼ਖ਼ਮੀ ਬਹਾਰਾਂ ਮੌਸਮ
ਚਿੱਤਰਾਂ ਦੇ ਨੈਣੀਂ ਤਰ ਆਏ ਹਨ
ਸਾਲਾਂ ਦੇ ਚਿਹਰੇ ਤੇ ਜੰਗਲ ਹਨ
ਲੰਙੜਾ ਕੇ ਤੁਰਦੇ ਰੁੱਖਾਂ ਦੇ ਹਜੂਮ ਹਨ
ਅੱਗਾਂ 'ਚ ਬੱਦਲਾਂ ਦੇ ਝੁਲਸੇ ਚਿਹਰੇ ਹਨ
ਕਿਤੇ ਹਨ੍ਹੇਰੀਆਂ
ਸੂਰਜ ਬੁਝਾਏ ਹਨ
ਕਿਤੇ ਕਬਰਾਂ ਚੋਂ ਉੱਠ ਕੇ ਮੁਰਦੇ
ਜ਼ਿੰਦਗੀ ਦੇ ਦਰ ਆਏ ਹਨ

-0-

ਜ਼ਿੰਦਗੀ ਦਾ ਵਿਰਾਟ ਰੂਪ ਹੈ
ਡਰਾਉਂਣਾ ਜਿਹਾ ਚਿਹਰਾ
ਮੇਰੇ ਸਾਲਾਂ ਦੇ ਪਿੰਡੇ ਤੇ
ਉਕਰਿਆ ਗਿਆ ਹੈ
ਸਮਾਂ ਵਿਰਾਟ ਰੂਪ ਦੇ ਪੈਰਾਂ 'ਚ ਪਿਆ
ਵਰਤਮਾਨ ਚੋਂ ਜਨਮਿਆਂ
ਭੂਤ 'ਚ ਜਵਾਨ ਹੋਇਆ
ਭਵਿੱਖ 'ਚ ਮੋਇਆ ਪਿਆ ਹੈ

-:-

## ਪੁਲ

ਪਿੰਡ ਤੇ ਨਗਰੀ ਵਿਚਾਲੇ ਪੁਲ ਹੈ
ਪਿੰਡ ਤੋਂ ਨਗਰੀ
ਨਗਰੀ ਤੋਂ ਪਿੰਡ ਨੂੰ ਆਉਣ ਜਾਣ ਲਈ
ਇਕ ਦੂਜੇ ਨੂੰ ਮਿਲਣ ਲਈ
ਇਕ ਦੂਜੇ 'ਚ ਸਮਾਉਣ ਲਈ

-0-

ਪਿੰਡ ਆਪਣੇ ਦਿਹਾਤੀ
ਕਿਰਦਾਰ ਤੇ ਸੁਭਾਅ ਦੀ
ਪਰਤ-ਦਰ-ਪਰਤ
ਨਗਰੀ ਸਾਵੇਂ ਖ਼ੋਲ੍ਹਦਾ ਹੈ
ਪਿੰਡ ਦਾ ਭੋਲਾਪਣ ਤੇ ਸੱਚ ਬੋਲਦਾ ਹੈ
ਪਿੰਡ ਨਗਰੀ ਦੀ ਆਰਤੀ ਉਤਾਰਦਾ ਹੈ
ਸਿਮਰਦਾ ਧਿਆਉਂਦਾ ਹੈ
ਨਗਰੀ ਦੀ ਖ਼ੂਬਸੂਰਤੀ ਦੇਹ 'ਚ ਉਤਾਰਦਾ ਹੈ
ਤੇ ਨੈਣ ਢੋਅ ਲੈਂਦਾ ਹੈ

-0-

ਨਗਰੀ ਪਿੰਡ ਦੇ ਪਿੰਡੇ 'ਚ ਵਸਦੀ
ਅੱਥਰੀ ਹਵਾ ਦੇ ਬੁੱਲ੍ਹੇ ਸਹਾਰਦੀ ਹੈ
ਪਿੰਡ ਦੀ ਜੰਗਲੀ ਬਾਰਸ਼
ਆਪਣੇ ਸੋਹਲ ਪਿੰਡੇ ਤੇ ਉਤਾਰਦੀ ਹੈ
ਪਿੰਡ ਦਾ ਸੜਦਾ ਸੂਰਜ
ਚਿਹਰੇ ਤੇ ਸਹਾਰਦੀ ਹੈ

ਪਿੰਡ ਦੇ ਕੱਚਿਆਂ ਘਰਾਂ ਦੇ ਹੁੰਮਸ 'ਚ
ਦਿਨ ਗੁਜ਼ਾਰਦੀ ਹੈ
ਪਿੰਡ ਦਾ ਅਸਭਿਅਕ ਜੀਵਨ
ਜਿਉਂਦੀ ਹੈ
ਪਿੰਡ ਦੀ ਉੱਡਦੀ ਧੂੜ 'ਚ
ਆਪਣੇ ਸਾਹ ਲਬੇੜਦੀ ਹੈ

-0-

ਨਗਰੀ ਕੁੱਝ ਦਿਨ ਪਿੰਡ 'ਚ ਰਹਿ ਕੇ
ਪਿੰਡ ਤਿਆਗਦੀ ਹੈ
ਤੇ ਵਾਪਿਸ ਆਪਣੀ ਪਾਲਕੀ
ਨਗਰੀ 'ਚ ਉਤਾਰਦੀ ਹੈ

-0-

ਨਗਰੀ ਨੇ ਪਿੰਡ ਨੂੰ
ਆਪਣੇ ਹਰਮ 'ਚ ਬੁਲਾਇਆ ਹੈ
ਪਿੰਡ ਦੀ ਹਾਲਤ ਦਾ ਨਕਸ਼ਾ
ਪਿੰਡ ਨੂੰ ਵਿਖਾਇਆ ਹੈ
ਜੰਗਲੀ ਝਾੜੀਆਂ 'ਚ
ਪਿੰਡ ਦਾ ਵਸੇਰਾ ਹੈ
ਜੰਗਲੀ ਲੋਕਾਂ ਦਾ ਪਿੰਡ 'ਚ ਡੇਰਾ ਹੈ
ਰਾਤ ਦੇ ਹਨ੍ਹੇਰੇ ਜਿਹਾ
ਦਿਨ ਹਨ੍ਹੇਰਾ ਹੈ
ਅਸਭਿਅਕ ਲੋਕ ਅਸਭਿਅਕ ਭਾਸ਼ਾ
ਜੰਗਲੀ ਰਾਜ ਹੈ

ਗਰਮੀ 'ਚ ਉੱਬਲਦੇ
ਆਲ੍ਹਣਿਆਂ 'ਚ ਬੋਟ
ਬਰਸਾਤਾਂ 'ਚ ਚੋਂਦੀਆਂ ਛੱਤਾਂ
ਤੇ ਡਿੱਗਦੀਆਂ ਕੰਧਾਂ
ਮੈਲਾ ਅੰਬਰ ਹੈ ਬਲਦਾ ਸੂਰਜ ਹੈ
ਇਹ ਪਿੰਡ ਜੋ ਤੇਰਾ ਹੈ

-0-

ਮੈਂ ਨਵੀਂ ਜ਼ਿੰਦਗੀ ਹਾਂ
ਨਵੀਂ ਕਰੂੰਬਲ ਹਾਂ
ਕੁਦਰਤ ਦੀਆਂ ਕਰੋਪੀਆਂ ਤੋਂ ਦੂਰ ਹਾਂ
ਮੇਰਾ ਜੀਵਨ ਸੌਖਾ ਹੈ
ਮੈਂ ਸੋਹਲ ਸਰੀਰ ਹਾਂ
ਮੈਂ ਤੇਰੇ ਪਿੰਡ 'ਚ ਰਹਿ ਨਹੀਂ ਸਕਦੀ
ਉਸ ਮਾਹੌਲ 'ਚ ਜੀਅ ਨਹੀਂ ਸਕਦੀ
ਛੱਡ ਕੇ ਸੁੱਖ ਸ਼ਾਂਤੀ ਤੇ ਖੁਸ਼ੀਆਂ ਨਗਰੀ ਦੀਆਂ
ਤੇਰੇ ਪਿੰਡ ਦੀ ਕੁੜੱਤਣ ਪੀ ਨਹੀਂ ਸਕਦੀ

-0-

ਪਰ ਜੇ ਤੂੰ ਪਿੰਡ ਛੱੜ ਕੇ
ਮੇਰੀ ਨਗਰੀ 'ਚ ਰਹਿਣਾ ਚਾਹੁੰਦਾ ਹੈਂ
ਮੇਰੇ ਨਾਲ ਵੱਸਣਾ ਚਾਹੁੰਦਾ ਹੈਂ
ਮੇਰੇ ਨਾਲ ਖੇਡਣਾ ਤੇ ਹੱਸਣਾ ਚਾਹੁੰਦਾ ਹੈਂ
ਮੈਂ ਤੇਰੇ ਨਾਲ ਹਾਂ
ਤੂੰ ਮੇਰਾ ਮੌਸਮ ਹੈਂ
ਮੈਂ ਤੇਰੀ ਬਹਾਰ ਹਾਂ

-0-

ਤੂੰ ਮੇਰਾ ਪਹਿਨਣ ਹੈਂ
ਮੈਂ ਤੇਰਾ ਉਤਾਰ ਹਾਂ
ਤੂੰ ਮੇਰਾ ਚਿਹਰਾ ਹੈਂ ਮੈਂ ਤੇਰਾ ਦੀਦਾਰ ਹਾਂ
ਆਪਣੇ ਚੋਂ ਆਪਣਾ ਪਿੰਡ
ਲੋਕ ਸਭਿਆਚਾਰ ਤੇ ਜੰਗਲੀਪਣ
ਨਿਚੋੜ ਦੇ
ਆਪਣਾ ਰਿਸ਼ਤਾ
ਪਿੰਡ ਨਾਲੋਂ ਤੋੜ ਦੇ
ਮੈਂ ਸਦਾ ਲਈ ਤੇਰੀ ਹੋ ਜਾਵਾਂਗੀ
ਤੇਰੀਆਂ ਖੁਸ਼ੀਆਂ ਤੇਰਾ ਗ਼ਮ ਹੰਢਾਵਾਂਗੀ

-0-

ਪਿੰਡ ਦੀਆਂ ਅੱਖ੍ਹਾਂ 'ਚ ਲਹੂ ਦੇ
ਅੱਥਰੂ ਭਰ ਆਏ
ਪਿੰਡ ਦੇ ਭੋਲੇ ਭਾਲੇ ਲੋਕਾਂ ਦੇ ਚਿਹਰੇ
ਪਿੰਡ ਦੀਆਂ ਅੱਖ੍ਹਾਂ 'ਚ ਤਰ ਆਏ
ਪਿੰਡ ਦੇ ਪਸ਼ੂ ਪਖਸ਼ੀ ਬੋਹੜ ਪਿੱਪਲ
ਖੂਹ ਖੂਹੀਆਂ ਤੇ ਖੇਤ
ਪਿੰਡ ਦੇ ਮੋਹ 'ਚ ਉਤਰ ਆਏ
ਪਿੰਡ ਦਾ ਅੰਬਰ ਚਾਨਣ ਬਣਕੇ
ਪਿੰਡ ਦੇ ਮੱਥੇ 'ਚ ਜਗਿਆ
ਪਿੰਡ ਨੂੰ ਆਪਣਾ ਸਰੀਰ
ਪਿੰਡ ਦੀ ਮਿੱਟੀ ਦਾ ਲਗਿਆ
ਪਿੰਡ ਦਿਆਂ ਕੱਚਿਆਂ ਘਰਾਂ ਕੋਠਿਆਂ
ਜਦ ਪਿੰਡ ਨੂੰ ਪੁਕਾਰਿਆ

ਪਿੰਡ ਨੇ ਨਗਰੀ ਦੇ ਹੁਸਨ
ਦਾ ਸ਼ੁਦਾਅ
ਆਪਣੇ ਸਿਰ ਤੋਂ ਉਤਾਰਿਆ
ਆਪਣਾ ਸੱਚ ਸ਼ੀਸ਼ੇ ਦੀ ਨਗਰੀ
'ਚ ਖਿਲਾਰਿਆ

-0-

ਨਗਰੀ ਨੂੰ ਸੰਬੋਧਿਆ
ਇਹ ਨਗਰੀ ਮੇਰੇ ਪਿੰਡ ਦੇ ਜਿਸਮ
ਚੋਂ ਜਨਮੀ ਹੈ
ਇਸ ਦੀ ਜੜ੍ਹ ਸ਼ੀਸ਼ੇ ਦੀ ਨਗਰੀ 'ਚ ਸੁੱਕੀ ਹੈ
ਪਿੰਡ 'ਚ ਹਰੀ ਹੈ
ਇਸ ਦਾ ਵਜ਼ੂਦ ਪਿੰਡ ਦੀ ਮਿੱਟੀ ਦਾ
ਕਰਜ਼ਾਈ ਹੈ
ਇਸ ਦੀ ਭੁੱਖ ਤੇ ਪਿਆਸ ਮਿਟਾਉਣ
ਦੀ ਸਮੱਗਰੀ
ਪਿੰਡ ਦੇ ਲਹੂ ਨੇ ਉੱਗਾਈ ਹੈ

-0-

ਨਗਰੀ ਦੀਆਂ ਅੱਖਾਂ 'ਚ
ਪਿੰਡ ਦੀ ਲੋਅ ਹੈ
ਨਗਰੀ ਦੀਆਂ ਰਗਾਂ 'ਚ
ਪਿੰਡ ਦਾ ਲਹੂ ਹੈ ਖ਼ੁਸ਼ਬੋ ਹੈ
ਇਸ ਦਾ ਸ਼ੀਸ਼ੇ ਦਾ ਜਿਸਮ
ਕੱਚਿਆਂ ਘਰਾਂ ਤੇ ਕੋਠਿਆਂ ਨੇ
ਘੜਿਆ ਹੈ

ਇਸ ਦੇ ਜਿਸਮ 'ਚ
ਪਿੰਡ ਦੇ ਸਾਹ ਹਨ
ਨਗਰੀ ਦੀਆਂ ਸੜਕਾਂ ਗਲੀਆਂ
ਤੇ ਚੌਕ ਇਸ ਗੱਲ ਦੇ ਗਵਾਹ ਹਨ
ਤੂੰ ਆਪਣੇ ਸੱਚ ਤੋਂ ਮੂੰਹ ਮੋੜ ਸਕਦੀ ਹੈਂ
ਮੈਂ ਆਪਣਾ ਸੱਚ ਝੁਠਲਾ ਨਹੀਂ ਸਕਦਾ
ਆਪਣੀ ਮਿੱਟੀ
ਆਪਣੀ ਧਰਤੀ ਆਪਣੇ ਲੋਕ ਭੁੱਲਾ ਨਹੀਂ ਸਕਦਾ

-0-

ਜੋ ਪੁਲ ਪਿੰਡ ਤੋਂ ਨਗਰੀ ਵੱਲ ਆਉਂਦਾ ਹੈ
ਉਹ ਨਗਰੀ ਤੋਂ ਪਿੰਡ ਵੱਲ ਵੀ ਜਾਂਦਾ ਹੈ
ਤੂੰ ਆਪਣਾ ਤੇ ਨਗਰੀ ਦਾ ਸੱਚ
ਜਿਸ ਦਿਨ ਸਮਝੇਂਗੀ ਹੰਢਾਵੇਂਗੀ
ਨਗਰੀ ਤਿਆਗ
ਇਸ ਪੁਲ ਤੋਂ ਪਿੰਡ ਵੱਲ ਆਵੇਂਗੀ
ਨਗਰੀ ਜਦ ਪੁਲ ਟੱਪ ਜਾਏਗੀ
ਪਿੰਡ ਦੀ ਦੇਹ ਚੋਂ
ਆਪਣਾ ਜਿਉਂਦਾ ਸੱਚ ਪਾਏਗੀ

---

## ਤੇਰਾ ਸੀ

ਉਸ 'ਚ
ਅਕਾਸ਼ ਹਵਾ ਅੱਗਣ
ਜਲ ਤੇ ਧਰਤ ਸੀ

-0-

ਅਕਾਸ਼ ਆਖਦਾ ਉਹ ਮੇਰਾ ਸੀ
ਹਵਾ ਆਖਦੀ ਉਹ ਮੇਰਾ ਸੀ
ਅੱਗਣ ਆਖਦੀ ਉਹ ਮੇਰਾ ਸੀ
ਜਲ ਆਖਦਾ ਉਹ ਮੇਰਾ ਸੀ
ਧਰਤ ਆਖਦੀ ਉਹ ਮੇਰਾ ਸੀ

-0-

ਇਹ ਪੰਜ ਤੱਤਾਂ ਦਾ ਮਿਲਣ
ਤਾਂ ਦੇਹ ਦੇ ਪਿੰਜਰੇ ਦੀ ਮਿੱਟੀ ਸੀ
ਨਾ ਉਹ ਪੰਜਾਂ ਤੱਤਾਂ ਦਾ ਸੀ
ਨਾ ਉਹ ਪਿੰਜਰੇ ਦਾ ਸੀ
ਨਾ ਉਹ ਮੇਰਾ ਸੀ
ਉਹ ਸਿਰਫ਼ ਤੇਰਾ ਸੀ
ਉਹ ਸਿਰਫ਼ ਤੇਰਾ ਸੀ

---

## ਸਥੂਲ

ਪ੍ਰਭੂ ਜੀ
ਅਸੀਂ ਮੰਗਿਆ ਵੀ
ਤਾਂ ਕੀ ਮੰਗਿਆ
ਸੁੰਨ ਇਕਾਂਤ ਵੈਰਾਗ ਚੁੱਪ
ਤੇ ਇਕ ਪੱਥਰ ਦਾ ਬੁੱਤ

-0-

ਪ੍ਰਭੂ ਜੀ
ਅਸੀਂ ਸੁੰਨ ਇਕਾਂਤ ਵੈਰਾਗ
ਚੁੱਪ ਹੰਢਾਉਂਦੇ
ਪੱਥਰ ਪੂਜਦੇ
ਸੁੰਨ ਇਕਾਂਤ ਵੈਰਾਗ ਚੁੱਪ
ਤੇ ਪੱਥਰ ਹੋਏ
ਆਪਣੀ ਗਤੀ ਵਿਸਾਰ ਗਏ
ਅਗਤੀ ਦਾ ਰੂਪ ਧਾਰ ਗਏ
ਖੜ੍ਹੇ ਦੇ ਖੜ੍ਹੇ ਰਹਿ ਗਏ
ਪੈਰ ਰਾਹਾਂ 'ਚ ਉਤਾਰ ਗਏ

-0-

ਪ੍ਰਭੂ ਜੀ
ਤੁਸੀਂ ਜੋ ਸਾਡੇ ਖੰਭ ਉੱਗਾਏ ਹਨ
ਸਾਨੂੰ ਉੱਡਣਾ ਨਹੀਂ ਆਉਂਦਾ
ਪ੍ਰਭੂ ਜੀ
ਸਾਡੀ ਇਕਾਂਤ ਚੋਂ ਰੌਣਕ

ਵੈਰਾਗ ਚੋਂ ਮਿਲਣ
ਸੁੰਨ ਚੋਂ ਜੀਵਨ
ਤੇ ਪੱਥਰ ਦੀ ਪੂਜਾ ਚੋਂ ਗਤੀ ਉੱਗ ਆਈ ਹੈ
ਸਾਨੂੰ ਰੌਣਕ ਦਾ ਅਨੁਭਵ ਨਹੀਂ
ਮਿਲਣ ਦਾ ਅਹਿਸਾਸ ਨਹੀਂ
ਜੀਵਨ ਦਾ ਗਿਆਨ ਨਹੀਂ
ਬੋਲਾਂ ਦਾ ਪਾਸ ਨਹੀਂ
ਗਤੀਆਂ ਸਾਨੂੰ ਰਾਸ ਨਹੀਂ

-0-

ਪ੍ਰਭੂ ਜੀ
ਸਾਨੂੰ ਤੁਸੀਂ ਜਿਸ ਸ੍ਰਿਸ਼ਟੀ 'ਚ
ਧਰਿਆ ਹੈ
ਉਥੇ ਮਨੁੱਖ ਨੂੰ ਹੀ ਮਨੁੱਖ ਦਾ
ਜ਼ਹਿਰ ਚੜ੍ਹਿਆ ਹੈ
ਇਹ ਜ਼ਹਿਰ ਮਨੁੱਖ ਨੇ
ਪ੍ਰਕਿਰਤੀ ਨੂੰ ਵੰਡਿਆ ਹੈ
ਸਾਗਰ 'ਚ ਬਰੂਦ ਉਤਾਰਿਆ ਹੈ
ਧਰਤੀ ਦੇ ਅੰਗਾਂ 'ਚ ਖਿਲਾਰਿਆ ਹੈ
ਮੰਦਰ ਮਸਜਿਦ ਖੰਡਰ ਕੀਤੇ ਹਨ
ਜੰਗਲ ਲੂਹੇ ਹਨ
ਅਨਾਜ ਦੇ ਖੇਤ ਸਾੜੇ ਹਨ
ਕਾਲ ਦੇ ਵਿਰਾਟ ਰੂਪ
ਦੁਨੀਆਂ 'ਚ ਉਤਾਰੇ ਹਨ

-0-

ਪ੍ਰਭੂ ਜੀ
ਇਸ ਸਰਿਸ਼ਟੀ ਤੇ ਪੌਣਾਂ ਜ਼ਖ਼ਮੀ ਹਨ
ਜਲ ਛਾਲਾ ਹੈ
ਅੱਗਣ ਤੇਜਹੀਣ ਹੈ
ਅਕਾਸ਼ ਕਾਲਾ ਹੈ
ਧਰਤੀ ਦੀ ਸੁਗੰਧ ਮੋਈ ਹੈ
ਮੌਸਮ ਬਹਾਰਾਂ ਰੁੱਤਾਂ ਫੁੱਲਾਂ ਕਲੀਆਂ
ਦੇ ਪਿੰਡੇ ਦੀ ਖ਼ੁਸ਼ਬੂ ਕਬਰਾਂ ਹੋਈ ਹੈ

-0-

ਪ੍ਰਭੂ ਜੀ
ਇਸ ਸਰਿਸ਼ਟੀ ਦਾ ਕਣ ਕਣ
ਜ਼ਰਾ ਜ਼ਰਾ ਅਧਰਮੀ ਹੈ
ਅਮਨ ਸ਼ਾਂਤੀ
ਸਰਿਸ਼ਟੀ ਤੋਂ ਬਨਵਾਸੀ ਹਨ
ਸਰਿਸ਼ਟੀ ਦੀ ਪਹਿਚਾਣ ਸੋਗੀ ਹੈ
ਰੁੱਖਾਂ ਦਾ ਪੱਤਾ ਪੱਤਾ ਰੋਗੀ ਹੈ

-0-

ਪ੍ਰਭੂ ਜੀ
ਸਾਡੇ ਖੰਭ ਕੁਤਰੋ
ਸੁੰਨ ਇਕਾਂਤ ਵੈਰਾਗ ਚੁੱਪ
ਤੇ ਪੱਥਰਾਂ 'ਚ ਧਰ ਦੇਵੋ
ਜਿੱਥੇ ਸ਼ਾਂਤੀ ਹੈ ਅਮਨ ਹੈ
ਸ਼ੋਰ ਭੀੜਾਂ ਵੈਰ ਵਿਰੋਧ
ਆਪਣਾ ਪਰਾਇਆ ਕੋਈ ਨਹੀਂ
ਸੁੰਨ ਇਕਾਂਤ ਵੈਰਾਗ ਚੁੱਪ
ਦਾ ਚਮਨ ਹੈ

ਜਿੱਥੇ ਤੁਹਾਡੇ ਚਰਨਾਂ 'ਚ
ਸਾਡਾ ਵਸੇਰਾ ਹੈ
ਸੂਰਜਾਂ ਚੰਨਾਂ ਤਾਰਿਆਂ ਦੀ ਲੋਅ ਹੈ
ਨਾ ਮਨੁੱਖ ਨਾ ਮਨੁੱਖਤਾ ਦਾ ਹਨ੍ਹੇਰਾ ਹੈ
ਤੇਰੀਆਂ ਰਹਿਮਤਾਂ ਤੇਰੀਆਂ ਨਿਹਮਤਾਂ
ਦੀ ਬਰਸਾਤ ਹੈ
ਜਿੱਥੇ ਥਾਂ ਥਾਂ ਤੇ ਨਜ਼ਰ ਆਉਂਦੀ
ਤੇਰੀ ਸੁਗਾਤ ਹੈ
ਜਿੱਥੇ ਸਦਾ ਪ੍ਰਭਾਤ ਹੈ
ਜਿੱਥੇ ਗੋਸ਼ੇ ਗੋਸ਼ੇ 'ਚ ਵਸਦੀ
ਤੇਰੀ ਯਾਦ ਹੈ
ਜਿੱਥੇ ਇਸ ਤੋਂ ਬਿਨਾਂ ਹੋਰ ਕੁੱਝ ਨਹੀਂ
ਜਿੱਥੇ ਚਿਹਰਾ ਹੀ ਦਰਪਣ ਹੈ
ਦਰਪਣ ਹੀ ਚਿਹਰਾ ਹੈ
ਸੱਚ ਸੁੰਦਰਤਾ ਕਲਿਆਣ ਦਾ ਡੇਰਾ ਹੈ
ਆਪਣਾ ਕੁੱਝ ਵੀ ਨਹੀਂ ਜਿੱਥੇ
ਜੋ ਵੀ ਹੈ
ਤੇਰਾ ਹੀ ਤੇਰਾ ਹੈ
ਇਸ ਤੋਂ ਬਿਨਾਂ ਕੁੱਝ ਹੋਰ ਨਹੀਂ
ਇਸ ਤੋਂ ਬਿਨਾਂ ਕੁੱਝ ਹੋਰ ਨਹੀਂ

---

## ਆਦੀ

ਉਹ ਜਾਣੇ ਪਹਿਚਾਣੇ ਰਾਹ ਤੇ
ਤੁਰਦਾ ਗਿਆ
ਜਿੱਥੇ ਅੱਖਾਂ ਦਾ ਕੰਮ
ਪੈਰਾਂ ਦੀਆਂ ਉਂਗਲਾਂ ਕਰਦੀਆਂ ਸਨ
ਜਿੱਥੇ ਪੈਰ ਖੜ੍ਹੇ ਸਨ ਰਾਹ ਤੁਰਦੇ ਸਨ
ਜਿੱਥੇ ਬੋਲ ਆਪਣੇ ਦੁਆਲੇ ਚੁੱਪ
ਓੜ ਲੈਂਦੇ ਸਨ
ਜਿੱਥੇ ਨਾ ਕੰਨ ਸੁਣਦੇ ਸਨ
ਜ਼ੁਬਾਨ ਸ਼ਬਦਹੀਣ ਸੀ
ਜਿੱਥੇ ਵਾਕਿਫ਼ ਆਸਮਾਂ
ਤੇ ਜਾਣੂ ਜ਼ਮੀਨ ਸੀ

-0-

ਜਦ ਉਹ ਚੌਰਾਹੇ ਵਿਚ ਆਇਆ
ਤਾਂ ਚੌਰਾਹੇ ਦੀਆਂ ਚੌਹਾਂ ਦਿਸ਼ਾਵਾਂ ਚੋਂ
ਕਿਹੜੀ ਦਿਸ਼ਾ
ਉਸਦੇ ਘਰ ਵੱਲ ਜਾਂਦੀ ਸੀ
ਉਹ ਭੁੱਲ ਗਿਆ
ਆਪਣੀ ਸਿਰਜਕ ਤੇ ਚੇਤਨ ਸ਼ਕਤੀ
ਨੂੰ ਲੱਭਦਾ ਲੱਭਦਾ
ਆਪ ਗੁਆਚ ਗਿਆ

-0-

ਉਸਨੂੰ ਯਾਦ ਆਇਆ
ਉਹ ਆਪਣੀ ਸਿਰਜਕ ਤੇ ਚੇਤਨ ਸ਼ਕਤੀ

ਆਪਣੇ ਜਾਣੇ ਪਹਿਚਾਣੇ ਰਾਹਾਂ ਤੇ
ਗੁਆ ਆਇਆ ਸੀ
ਜਿਨ੍ਹਾਂ ਰਾਹਾਂ ਤੇ
ਉਸਦੀ ਸਿਰਜਣਾ 'ਚ ਖਲੌਤ
ਤੇ ਚੇਤਨਾ ਅਸੁਰਤ ਸੀ
ਉਸਦੀ ਮਾਨਸਿਕਤਾ ਤੇ ਦੇਹ 'ਚ
ਉਸਦੀ ਆਦਤਨ ਪ੍ਰਵਿਰਤੀ ਉੱਗ ਆਈ ਸੀ
ਜੋ ਸਿਰਜਣਾ ਤੇ ਚੇਤਨਹੀਣ ਸੀ

-0-

ਉਹ ਸਾਰਾ ਦਿਨ ਚੌਕ 'ਚ ਖੜ੍ਹਾ
ਸਿਰਜਣਾ ਤੇ ਚੇਤਨਾ ਦਾ ਮਾਨਸਿਕ ਸਰਾਪ
ਆਪਣੀ ਦੇਹ ਤੇ ਹੰਢਾਉਂਦਾ ਰਿਹਾ
ਦੇਹ 'ਚ ਗੁਆਚਾ ਰਿਹਾ
ਨਾ ਘਰ ਹੀ ਗਿਆ

---

## ਦੋਫਾੜ

ਤੇਰੇ ਮੇਰੇ ਦਰਮਿਆਨ
ਖ਼ਤਰਨਾਕ ਹਨ੍ਹੇਰੀਆਂ ਆਈਆਂ
ਝੱਖੜ ਉੱਠੇ ਤੂਫ਼ਾਨ ਆਏ
ਤੂੰ ਮੈਨੂੰ
ਮੈਂ ਤੈਨੂੰ ਕੰਡ ਦੇ ਕੇ ਤੁਰ ਗਿਆ
ਵਿਪਰੀਤ ਰਾਹਾਂ ਤੇ ਤੁਰੇ
ਆਪਣੇ ਆਪ 'ਚ ਗੁੰਮ ਗਏ
ਇਕ ਦੂਜੇ ਲਈ
ਅਜ਼ਨਬੀ ਹੋ ਗਏ

-0-

ਪਰ ਹੁਣ ਜਦ ਸਭ ਕੁੱਝ
ਸ਼ਾਂਤ ਹੋ ਗਿਆ ਹੈ
ਝੱਖੜ ਹਨ੍ਹੇਰੀਆਂ ਤੂਫ਼ਾਨ
ਗੁਜ਼ਰ ਗਏ ਹਨ
ਤਾਂ ਅਸੀਂ
ਆਪਣੇ ਆਪ 'ਚ ਵਾਪਸ
ਕਿਉਂ ਨਹੀਂ ਪਰਤੇ
ਕੰਡ ਦੇ ਕੇ ਤੁਰਦੇ ਰਹਿਣ ਦੀ ਥਾਂ
ਇਕ ਦੂਜੇ ਵੱਲ ਮੁੱਖ ਕਰਕੇ
ਕਿਉਂ ਨਹੀਂ ਮੁੜੇ
ਆਪਣੇ ਅਜ਼ਨਬੀਪਣ ਚੋਂ
ਕਿਉਂ ਆਪਣਾਪਣ ਉੱਗਾ ਨਹੀਂ ਸਕੇ

-0-

ਕਿਉਂ ਨਹੀਂ ਸਿੱਖਦੇ
ਹਨ੍ਹੇਰੀਆਂ ਝੱਖੜ ਤੂਫ਼ਾਨ ਤਾਂ
ਆਉਂਦੇ ਹੀ ਰਹਿੰਦੇ ਹਨ
ਆਉਂਦੇ ਹਨ
ਤਾਂ ਅਸੀਂ ਨਿਖੜ ਜਾਂਦੇ ਹਾਂ
ਜਾਂਦੇ ਹਨ
ਤਾਂ ਅਸੀਂ ਮੁੜਦੇ ਕਿਉਂ ਨਹੀਂ
ਕਿਉਂ ਇਨ੍ਹਾਂ ਦਾ ਆਉਣਾ
ਯਾਦ ਰੱਖਦੇ ਹਾਂ
ਜਾਣਾ ਭੁੱਲ ਜਾਂਦੇ ਹਾਂ

-0-

ਸ਼ਾਇਦ ਆਉਣ ਲੱਗਿਆਂ
ਇਨ੍ਹਾਂ ਦਾ ਚਿਹਰਾ ਸਾਹਮਣੇ ਹੁੰਦਾ ਹੈ
ਜਾਣ ਲੱਗਿਆਂ
ਇਨ੍ਹਾਂ ਦੀ ਕੰਡ ਹੁੰਦੀ ਹੈ
ਕੰਡ ਚਿਹਰਾ ਨਹੀਂ ਹੁੰਦਾ
ਕੰਡ ਕੰਡ ਹੁੰਦੀ ਹੈ
ਚਿਹਰੇ ਦੀ ਪਹਿਚਾਣ ਨਹੀਂ ਹੁੰਦੀ
ਚਿਹਰੇ ਦੀ ਸਿਆਣ ਨਹੀਂ ਹੁੰਦੀ

-0-

ਨਾ ਅਸੀਂ ਹਨ੍ਹੇਰੀਆਂ ਹਾਂ ਨਾ
ਝੱਖੜ ਹਾਂ ਨਾ ਤੂਫ਼ਾਨ ਹਾਂ
ਅਸੀਂ ਇਨਸਾਨ ਹਾਂ
ਅਸੀਂ ਜਦ ਮਿਲੇ ਸਾਂ

ਚਿਹਰੇ ਨੂੰ ਚਿਹਰਾ ਮਿਲਿਆ ਸੀ
ਨਕ਼ਸ਼ ਨੂੰ ਨਕ਼ਸ਼ ਦੇਹ ਨੂੰ ਦੇਹ
ਰੂਹ ਨੂੰ ਰੂਹ ਮਿਲੀ ਸੀ

-0-

ਅਸੀਂ ਚਿਹਰਿਆਂ ਚੋਂ
ਆਪਣੀਆਂ ਕੰਡਾਂ ਉੱਗਾ ਲਈਆਂ ਹਨ
ਕੰਡਾਂ ਚੋਂ ਚਿਹਰੇ ਉੱਗਾ ਸਕਦੇ ਹਾਂ
ਆਪਣੇ ਆਪ 'ਚ
ਪਰਤ ਕੇ ਆ ਸਕਦੇ ਹਾਂ
ਜਿਸ ਤਰ੍ਹਾਂ ਹਨ੍ਹੇਰੀਆਂ ਝੱਖੜ
ਤੂਫ਼ਾਨ ਜਿੱਥੋਂ ਆਏ ਸਨ
ਉਥੇ ਹੀ ਪਰਤ ਗਏ ਹਨ
ਆਪਣੇ ਆਪ ਤੋਂ ਵਿਛੜੇ
ਆਪਣੇ ਆਪ ਨੂੰ ਮਿਲ ਗਏ ਹਨ

-0-

ਅਸੀਂ ਕਿਉਂ ਵਿੱਥਾਂ ਤੇ ਖੜ੍ਹੇ ਹਾਂ
ਆ ਇਕ ਦੂਜੇ 'ਚ ਪਰਤ ਜਾਈਏ
ਇਕ ਦੂਜੇ 'ਚ ਉਤਰ ਜਾਈਏ
ਇਕ ਦੂਜੇ 'ਚ ਖੋਹ ਜਾਈਏ
ਇਕ ਦੂਜੇ ਦੇ ਹੋ ਜਾਈਏ
ਅਸੀਂ ਨਾ ਹਨ੍ਹੇਰੀਆਂ ਨਾ ਝੱਖੜ
ਨਾ ਤੂਫ਼ਾਨ ਹਾਂ
ਅਸੀਂ ਤਾਂ ਸਿਰਫ਼ ਇਨਸਾਨ ਹਾਂ
ਅਸੀਂ ਤਾਂ ਸਿਰਫ਼ ਇਨਸਾਨ ਹਾਂ

---

## ਗੰਗਾ ਜਲ

ਜਿਸ ਗੰਗਾ 'ਚ
ਉਸ ਆਤਮ ਹੱਤਿਆ ਕੀਤੀ
ਉਸ ਗੰਗਾ 'ਚ
ਮੈਂ ਜੀਵਨ ਪਾਉਣ ਲਈ
ਉਤਰਿਆ ਹਾਂ
ਪਵਿੱਤਰ ਹੋਣ ਲਈ
ਉਤਰਿਆ ਹਾਂ

-0-

ਵੇਖਿਆ
ਕਿ ਮੇਰੇ ਪਿੱਤਰਾਂ ਦੇ ਪਿੰਜਰ
ਗੰਗਾ ਜਲ ਦੀ ਜੂਨ ਜਿਉਂਦੇ ਹਨ
ਮਰਨ ਤੋਂ ਪਿੱਛੋਂ ਵੀ
ਕਰਨ ਵਾਲੇ ਰਹਿ ਗਏ
ਕੰਮਾਂ ਦਾ ਭਾਰ ਢੋਂਹਦੇ ਹਨ

-0-

ਜੋ ਜ਼ਿੰਦਗੀ ਰੱਜ ਕੇ ਜਿਉ ਨਾ ਸਕੇ
ਉਮਰ ਦੀ ਕਮੀ ਦਾ
ਸੰਤਾਪ ਭੋਗ ਰਹੇ ਹਨ
ਮੇਰੇ ਪਿੱਤਰ ਪਿੰਜਰ ਹੋਏ ਵੀ
ਮੁਰਦਾ ਹੋਏ ਵੀ
ਜ਼ਿੰਦਗੀ ਜਿਉਂਦੇ ਹਨ

ਆਪਣੀ ਮਰਜ਼ੀ ਤੋਂ ਬਿਨਾਂ
ਮੜ੍ਹੀਆਂ 'ਚ ਸੜਦੇ ਹਨ
ਮਰ ਕੇ ਵੀ
ਜਿਉਂਣ ਦਾ ਦਮ ਭਰਦੇ ਹਨ
ਇਸੇ ਲਈ ਉਦਾਸ ਹਨ
ਸੱਚ ਤੋਂ ਦੂਰ ਹਨ
ਕੂੜ ਦੇ ਪਾਸ ਹਨ

-0-

ਉਸ ਜਿਸ
ਗੰਗਾ 'ਚ ਆਤਮ ਹੱਤਿਆ ਕੀਤੀ
ਉਹ ਜ਼ਿੰਦਗੀ ਚੋਂ
ਮੌਤ ਭਾਲਦਾ ਸੀ
ਮੌਤ ਦੇ ਨਿੱਘ ਲਈ
ਜ਼ਿੰਦਗੀ ਨੂੰ ਰੋਜ਼ ਉਬਾਲਦਾ ਸੀ
ਉਸ ਨੂੰ
ਜ਼ਿੰਦਗੀ ਰਾਸ ਨਹੀਂ ਸੀ
ਉਹ ਜ਼ਿੰਦਗੀ ਤੇ
ਆਪਣਾ ਹਿਸਾਬ ਕਿਤਾਬ
ਮੁਕਾ ਚੁੱਕਾ ਸੀ
ਜ਼ਿੰਦਗੀ ਤਿਆਗ
ਮੌਤ ਦੀ ਗੋਦ 'ਚ ਆ ਚੁੱਕਾ ਸੀ

-0-

ਮੌਤ ਦੀ ਭਾਲ
ਉਸਦੀ ਜ਼ਿੰਦਗੀ ਦਾ ਮਕਸਦ ਸੀ
ਉਹ ਮੋਇਆ ਪਿਆ ਸ਼ਾਂਤ ਸੀ
ਸਿਰਫ਼ ਮੌਤ ਜੀਅ ਰਿਹਾ ਸੀ
ਪਿੱਤਰ ਮਰਕੇ ਵੀ ਉਦਾਸ ਸਨ
ਮੌਤ ਜਿਉਂਦੇ
ਮੌਤ ਤੋਂ ਦੂਰ ਸਨ
ਜ਼ਿੰਦਗੀ ਦੇ ਹਜ਼ੂਰ ਸਨ

-0-

ਮੈਂ ਗੰਗਾ 'ਚ
ਮੌਤ ਚੋਂ ਜ਼ਿੰਦਗੀ
ਜ਼ਿੰਦਗੀ ਚੋਂ ਮੌਤ ਵੇਖੀ ਹੈ
ਜ਼ਿੰਦਾ ਹੋ ਤਾਂ
ਸਿਰਫ਼ ਜ਼ਿੰਦਗੀ ਜੀਓ
ਮਰੋ ਤਾਂ
ਜ਼ਿੰਦਗੀ ਜਿਉਂਣ ਦੀ
ਇੱਛਾ ਨਾ ਰੱਖੋ
ਗੰਗਾ ਦੀ ਬੂੰਦ ਬੂੰਦ ਦਾ ਸੱਚ
ਸਭ ਨੂੰ ਇਹੋ ਕਹੇ
ਸਭ ਨੂੰ ਇਹੋ ਕਹੇ

---

## ਰਾਹ

ਜਿਵੇਂ ਕੋਈ ਨਦੀ
ਆਪਣਾ ਰਾਹ ਤਲਾਸ਼ਦੀ ਹੈ
ਤੂੰ ਵੀ ਮੇਰੇ ਮਨ
ਆਪਣਾ ਰਾਹ ਤਲਾਸ਼ ਲੈ
ਆਪਣੇ ਪੈਰਾਂ 'ਚ ਸਫ਼ਰ
ਨਜ਼ਰ 'ਚ ਮੰਜ਼ਿਲਾਂ ਉਤਾਰ ਲੈ

-0-

ਮੈਂ ਮੰਨਦਾ ਹਾਂ
ਭੀੜ ਚੋਂ ਰਾਹ ਲੱਭਣਾ ਔਖਾ ਹੈ
ਚਿਹਰਿਆਂ ਦੇ ਸਾਗਰ 'ਚ
ਜਿੱਥੇ ਵੀ ਨਜ਼ਰ ਪੈਂਦੀ ਹੈ
ਉਥੇ ਪਹਿਲਾਂ ਹੀ
ਪੈਰਾਂ ਦੀ ਭੀੜ ਹੈ
ਕਦਮ ਤੇ ਕਦਮ ਧਰਨਾ ਔਖਾ ਹੈ
ਅੰਬਰ ਮੁੱਠ 'ਚ ਫੜਣਾ ਔਖਾ ਹੈ

-0-

ਜੇ ਰਾਹਾਂ 'ਚ ਪੈਰ ਵਿਛੇ ਹਨ
ਤਾਂ ਸਿਰਾਂ 'ਚ ਰਾਹ ਬਣਾ
ਸਿਰਾਂ 'ਚ ਪੈਰ ਬੀਜ
ਸਿਰਾਂ 'ਚ ਮੰਜ਼ਿਲਾਂ ਉੱਗਾ
ਸਿਰਾਂ 'ਚ ਚੰਨ ਸੂਰਜ ਤਾਰੇ ਧਰ
ਧਰਤੀ ਨੂੰ ਅੰਬਰ ਬਣਾ
ਸਿਰਾਂ 'ਚ ਤੁਰ ਪੈਰਾਂ 'ਚ ਉਤਰ
ਪੈਰਾਂ 'ਚ ਪੈਰਾਂ ਦਾ ਪੈਰ ਹੁੰਦਾ ਜਾ

-0-

ਰੁੱਖ਼ 'ਚ ਜੰਗਲ
ਬੂੰਦ 'ਚ ਸਾਗਰ ਉਤਾਰ
ਜ਼ਰੇ ਚੋਂ ਪਹਾੜ ਉਸਾਰ
ਭੀੜ ਦਾ ਹਿੱਸਾ ਨਾ ਬਣ
ਭੀੜ ਦੇ ਮਸਤਕ 'ਚ
ਆਪਣਾ ਸੰਕਲਪ ਅਰਥ ਤੇ ਸ਼ਬਦ ਧਰ

-0-

ਭੀੜ 'ਚ ਵਗਦੀ ਹਵਾ ਦਾ
ਰੁੱਖ਼ ਮੋੜ
ਭੀੜ ਚੋਂ ਭੀੜ ਦੀ ਅਬਾਦੀ ਦਾ
ਭਰਮ ਨਿਚੋੜ
ਭੀੜ ਨੂੰ
ਆਪਣੀ ਸੁਤੰਤਰਤਾ ਦਾ ਸੱਚ ਵਿਖਾ
ਸੱਚ ਦਾ ਚਾਨਣ
ਭੀੜ ਦੇ ਲਹੂ 'ਚ ਉਤਾਰ
ਭੀੜ ਦੇ ਮੱਥੇ 'ਚ
ਸਿਰਜਕ ਸੂਝ ਤੇ ਚੇਨਤਾ ਬੀਜ ਦੇ
ਲਹੂ ਦੇ ਰੰਗ ਦੀ ਇਕ ਜੋਤ ਬਾਲ ਦੇ
ਭੀੜ ਦੇ ਪਿੰਡੇ 'ਚ
ਅਕਲ ਦੇ ਸੂਰਜ ਉਤਾਰ ਦੇ
ਭੀੜ ਆਪਣਾ
ਕਾਇਆਕਲਪ ਕਰ ਸਕੇ
ਅਨੁੱਖ ਦੇ ਮੱਥੇ
ਮਨੁੱਖ ਦਾ ਆਰਥਕ ਸੱਚ
ਧਰ ਸਕੇ

-0-

ਮਨੁੱਖ ਦੇ ਪੈਰੀਂ ਨਵੀਂ ਧਰਤੀ
ਸਿਰ ਤੇ ਨਵਾਂ ਅੰਬਰ ਉਸਾਰ ਦੇ
ਮਨੁੱਖਤਾ ਨੂੰ ਮਨੁੱਖਤਾ ਦੀ
ਸਰਬ ਵਿਆਪਕਤਾ ਵਿਖਾਲਦੇ
ਮਨੁੱਖ ਆਪਣੀ ਹੋਂਦ ਦੇ
ਸੱਚ 'ਚ ਸਮਾ ਸਕੇ
ਰੰਗ ਨਸਲ ਜਾਤ ਪਾਤ ਚੋਂ ਨਿਕਲੇ
ਲਹੂ ਦੇ ਰੰਗ ਦੇ ਘੇਰੇ 'ਚ ਆ ਸਕੇ

-0-

ਇਹ ਧਰਤੀ
ਇਹ ਅੰਬਰ ਮਨੁੱਖ ਦਾ ਕਹਾਏ
ਇਹ ਰਾਹ
ਤੇਰੇ ਪੈਰਾਂ ਤੋਂ ਸ਼ੁਰੂ ਹੋ ਕੇ
ਤੇਰੇ ਪੈਰਾਂ ਤੇ ਹੀ ਮੁੱਕ ਜਾਏ
ਤੂੰ ਬਣ ਜਾ ਸਮੁੰਦਰ ਚਾਨਣ ਦਾ
ਇਹ ਵਿਸ਼ਵ ਤੇਰੇ 'ਚ ਸਮਾ ਜਾਏ
ਇਸ ਵਿਸ਼ਵ ਦੇ ਰਾਹ ਚੋਂ ਤੇਰਾ ਰਾਹ
ਚਿਹਰੇ ਚੋਂ ਤੇਰਾ ਚਿਹਰਾ ਨਜ਼ਰ ਆਏ

-0-

ਜਿਵੇਂ ਕੋਈ ਨਦੀ
ਆਪਣਾ ਰਾਹ ਤਲਾਸ਼ ਲੈਂਦੀ ਹੈ
ਤੂੰ ਵੀ ਮੇਰੇ ਮਨ
ਆਪਣਾ ਰਾਹ ਤਲਾਸ਼ ਲੈ
ਆਪਣੇ ਪੈਰਾਂ 'ਚ ਸਫ਼ਰ
ਨਜ਼ਰ 'ਚ ਮੰਜ਼ਿਲਾਂ ਉਤਾਰ ਲੈ

---

## ਸੱਚ

ਸੱਚ ਕਿੰਨਾ ਤੜਪ ਰਿਹਾ ਹੈ
ਪੱਥਰਾਂ ਚੋਂ ਸੁਣਨ ਲਈ
ਪਹਾੜਾਂ ਚੋਂ ਵੇਖਣ ਲਈ
ਸਹਿਰਾਂ ਚੋਂ ਚਸ਼ਮਾਂ ਬਣ ਕੇ ਫੁੱਟਣ ਲਈ
ਸੱਚ ਕਿੰਨਾ ਵਿਆਕੁਲ ਹੈ
ਰੁੱਖਾਂ 'ਚ ਤੁਰਨ ਲਈ
ਜੰਗਲਾਂ 'ਚ ਅਪੜਨ ਲਈ

-0-

ਰੌਣਕ ਤੜਪ ਰਹੀ ਹੈ
ਉਦਾਸੀਆਂ ਚੋਂ ਉੱਗਣ ਲਈ
ਬਹਾਰ ਕਿਵੇਂ ਬੇਵਸ ਹੈ
ਪਤਝੜ ਚੋਂ ਪੁੰਗਰਨ ਲਈ
ਬੋਲ ਕਿੰਨਾ ਕਾਹਲਾ ਹੈ
ਚੁੱਪ ਤੋੜਣ ਲਈ

-0-

ਅੱਥਰੂ ਮਜ਼ਬੂਰ ਹੈ
ਦਿਲ ਦਾ ਗ਼ਮ ਕਹਿਣ ਲਈ
ਬੱਦਲ ਵਿੱਤੋਂ ਬਾਹਰ ਹੈ
ਸਹਿਰਾ ਤੇ ਵਰ੍ਹਨ ਲਈ
ਖੰਡਰ ਉਡੀਕਦਾ ਹੈ
ਆਪਣੇ ਚੋਂ ਸ਼ਹਿਰ ਉਸਾਰਨ ਲਈ
ਹੈ ਮਰ ਰਿਹਾ ਪ੍ਰਵਾਜ਼ ਪੰਛੀ ਦਾ
ਆਪਣੇ ਖੰਭਾਂ 'ਚ
ਅੰਬਰ ਉਤਾਰਨ ਲਈ

ਬੰਜਰ ਧਰਤ ਸਹਿਕਦੀ ਹੈ
ਅੰਨ੍ਹ ਉੱਗਾਵਣ ਲਈ
ਸਹਿਰਾ ਕਿੰਨਾ ਅਸਮਰਥ ਹੈ
ਸਾਗਰ ਦਾ ਰੂਪ ਧਾਰਨ ਲਈ
ਧਰਤੀ ਕਿੰਨੀ ਬੇਚੈਨ ਹੈ
ਅੰਬਰ ਨੂੰ ਮਿਲਣ ਲਈ
ਅਗਤੀ ਸਦੀਆਂ ਤੋਂ
ਗਤੀ ਦੀ ਉਡੀਕ 'ਚ ਹੈ ਵਗਣ ਲਈ
ਸੜਕ ਮਜ਼ਬੂਰ ਹੈ
ਸਫ਼ਰ ਬਣਨ ਲਈ
ਰਾਹ ਉਮਰ ਤੋਂ ਨਜ਼ਰਾਂ ਦੀ ਸੂਲੀ
ਤੇ ਨੇ ਤੁਰਨ ਲਈ

-0-

ਵਿਸ਼ਵ ਦੀ ਸਥੂਲ
ਸਮੱਗਰੀ ਚਾਹੁੰਦੀ ਹੈ
ਆਪਣਾ ਜਿਸਮ ਚੀਰ ਕੇ
ਗਤੀਆਂ 'ਚ ਵਿਚਰਨਾ
ਧਰਤੀ ਤੇ ਜ਼ਰਿਆਂ 'ਚ
ਅੰਬਰ ਦੇ ਤਾਰਿਆਂ 'ਚ ਬਿਖਰਨਾ

-0-

ਇਹ ਸੱਚ ਮਨੁੱਖਤਾ ਦਾ ਚਾਹੁੰਦਾ ਹੈ
ਦੇਹ ਚੋਂ ਨਿਕਲਣਾ
ਧਰਤੀ ਚੋਂ ਉੱਗਣਾ
ਪ੍ਰਕਿਰਤੀ ਦੀ ਹਰਿਆਉਲ 'ਚ ਰਲ ਜਾਣਾ
ਪੌਣਾਂ 'ਚ ਉਤਰ ਜਾਣਾ
ਸਾਗਰ 'ਚ ਘੁਲ ਜਾਣਾ

-0-

ਕਿੰਨਾ ਸੱਚ ਮਨੁੱਖਤਾ 'ਚ
ਸਮਾਇਆ ਹੈ
ਜਿਸ ਨੂੰ ਤੁਰਨਾ ਤਰਨਾ ਉੱਡਣਾ
ਬੋਲਣਾ ਨਾ ਆਇਆ ਹੈ
ਜੋ ਅਗਤੀਆਂ ਦੀ ਜੂਨ ਜਿਉਂਦਾ
ਵੇਗ ਦੀ ਇੰਤਜ਼ਾਰ ਵਿਚ ਹੈ
ਚੁੱਪ ਦੇ ਕੰਠ 'ਚ ਬੈਠਾ
ਅਵਾਜ਼ ਦੇ ਇਜ਼ਹਾਰ ਵਿਚ ਹੈ

-0-

ਇਹ ਸੱਚ ਜੋ ਆਪਣਾ
ਵਜੂਦ ਪ੍ਰਗਟਾਅ ਨਹੀਂ ਸਕਿਆ
ਵਸਤੂ ਸੰਸਾਰ ਵਿਚ ਹੈ
ਮਨੁੱਖ ਦੇ ਜਿਸਮ ਵਿਚ ਹੈ
ਵਿਸ਼ਵ ਦੀ ਨੁਹਾਰ ਵਿਚ ਹੈ
ਬੇਸ਼ੱਕ ਇਹ ਮਾਨਵਤਾ ਦੀ ਗਤੀ
ਤੇ ਵਿਕਾਸ ਦਾ ਹਮਸਫ਼ਰ ਨਹੀਂ
ਪਰ ਸਦੀਆਂ ਤੋਂ ਖੜ੍ਹਾ ਹੈ
ਮਨੁੱਖਤਾ ਦੇ ਹੁਕਮ ਦੇ ਇੰਤਜ਼ਾਰ 'ਚ
ਗਤੀ ਤੇ ਵਿਕਾਸ ਦੀ ਭਾਲ 'ਚ
ਹੁਕਮ ਦੀ ਇੰਤਜ਼ਾਰ 'ਚ ਖੜ੍ਹੇ ਰਹਿਣਾ
ਮਾਨਵਤਾ ਦੇ ਵਿਕਾਸ ਦੀ ਗਤੀ
ਹੰਢਾਉਣਾ ਹੈ
ਗਤੀ ਦੇ ਲਹੂ 'ਚ ਗਿੜਣਾ ਹੈ
ਗਤੀ ਦਾ ਸੱਚ ਜਿਉਣਾ ਹੈ

---

## ਮੁੜਣ ਦਾ ਭਾਰ

ਉਹ ਜਦੋਂ ਘਰੋਂ ਨਿਕਲਦਾ
ਆਪਣੇ ਆਪ ਤੇ
ਮੁੜਣ ਦਾ ਭਾਰ ਲੱਦ ਲੈਂਦਾ
ਤੇ ਆਪਣੇ ਪੈਰਾਂ ਨੂੰ ਕਹਿੰਦਾ
ਜੇ ਮੈਂ ਮੁੜਣਾ ਵੀ ਚਾਹਾਂ
ਤੁਸਾਂ ਮੇਰਾ ਕਹਿਣਾ ਨਹੀਂ ਮੰਨਣਾ
ਚਲਦੇ ਹੀ ਰਹਿਣਾ ਹੈ
ਚਲਦੇ ਹੀ ਰਹਿਣਾ ਹੈ

-0-

ਉਹ ਅਜੇ
ਘਰੋਂ ਥੋੜੀ ਹੀ ਦੂਰ ਗਿਆ ਸੀ
ਅਪਣੇ ਤੇ ਲੱਦੇ ਭਾਰ ਹੇਠਾਂ ਥੱਕ ਗਿਆ
ਭਾਰ ਆਪਣੇ ਤੋਂ ਉਤਾਰ ਕੇ
ਰਾਹ ਤੇ ਰੱਖ ਦਿੱਤਾ
ਤੇ ਫਿਰ ਸਫ਼ਰ ਦਾ ਆਗਾਜ਼ ਕਰ ਦਿਤਾ

-0-

ਤੁਰਦਾ ਤੁਰਦਾ
ਇਕ ਨਗਰੀ 'ਚ ਪੁੱਜਾ
ਉਸਨੇ ਡਿੱਠਾ
ਕਿ ਸਭ ਲੋਕ ਪਰਾਏ ਹਨ
ਅਜ਼ਨਬੀ ਹਨ ਜਾਣੇ ਪਹਿਚਾਣੇ ਨਹੀਂ
ਗਲੀਆਂ ਸੜਕਾਂ
ਚੌਂਕ ਚੌਰਾਹੇ ਸਭ ਓਪਰੇ ਹਨ

ਨਗਰੀ ਦੇ ਲੋਕ
ਉਸ ਵੱਲ ਅੱਖ਼ਾਂ ਫਾੜ ਫਾੜ
ਵੇਖਦੇ ਹਨ
ਉਸਦਾ ਸਰੀਰ ਉਧੇੜਦੇ ਹਨ
ਉਸਨੂੰ ਪਰਤ-ਦਰ-ਪਰਤ
ਖੋਲ੍ਹਦੇ ਹਨ
ਉਸਦਾ ਆਪਾ ਟੋਲਦੇ ਹਨ
ਸੋਚਦੇ ਇਹ ਕੌਣ ਹੈ ਕੀ ਹੈ
ਉਸਨੂੰ ਇਹ ਚੰਗਾ ਨਾ ਲੱਗਾ
ਉਹ ਆਪਣੀ ਦੇਹ ਦਾ ਦਰਵਾਜ਼ਾ
ਬੰਦ ਕਰ
ਅਗਲੀ ਨਗਰੀ ਵੱਲ ਤੁਰ ਪਿਆ

-0-

ਇਹ ਨਗਰੀ
ਉਸਨੂੰ ਆਪਣੀ ਲੱਗੀ
ਗਲੀਆਂ ਸੜਕਾਂ ਚੌਕ ਚੌਰਾਹਿਆਂ ਚੋਂ
ਉਸਨੂੰ ਅਪਣੱਤ ਨਜ਼ਰ ਆਈ
ਨਗਰੀ ਦੇ ਲੋਕਾਂ ਚੋਂ
ਉਸਨੂੰ ਆਪਣਾ ਚਿਹਰਾ
ਤੇ ਆਪਣੇ ਚਿਹਰੇ ਚੋਂ
ਨਗਰੀ ਦੇ ਲੋਕ ਨਜ਼ਰ ਆਏ
ਉਹ ਬੜਾ ਖ਼ੁਸ਼ ਸੀ
ਉਸ ਸੋਚਿਆ ਇਹ ਨਗਰੀ
ਮੇਰੀ ਦੇਹ ਦਾ ਸਾਇਆ ਹੈ
ਸਭ ਕੁੱਝ ਆਪਣਾ ਹੈ
ਕੁੱਝ ਵੀ ਨਾ ਪਰਾਇਆ ਹੈ

-0-

ਉਸ ਦਾ ਸਾਇਆ
ਉਸ ਚੋਂ ਬੋਲਿਆ
ਇਹ ਨਗਰੀ ਤਾਂ ਸਾਇਆ ਹੈ
ਤੇਰੀ ਦੇਹ ਨਹੀਂ
ਸਾਏ ਦਾ ਸੱਚ ਨਹੀਂ

-0-

ਤੇਰੇ ਘਰ ਦੀ ਨਗਰੀ ਦਾ ਲਹੂ
ਤੇਰੇ 'ਚ ਸਮਾਇਆ ਹੈ
ਉਸ ਨਗਰੀ ਨੇ ਤੇਰਾ
ਜਿਸਮ ਘੜਿਆ ਹੈ
ਤੈਨੂੰ ਤੁਰਨਾ ਬੋਲਣਾ ਤੇ
ਜਿਉਣਾ ਸਿੱਖਾਇਆ ਹੈ
ਉਸ ਨਗਰੀ ਦਾ ਵਜੂਦ ਤੇਰਾ ਹੈ
ਲੋਕ ਤੇਰੇ ਹਨ
ਤੂੰ ਜਿਸਮ ਹੈਂ ਉਸਦਾ
ਉਹ ਤੇਰਾ ਚਿਹਰਾ ਹੈ
ਤੂੰ ਐਵੇਂ ਸਾਇਆਂ ਦੇ ਪਿੱਛੇ ਦੌੜਦਾ ਹੈਂ
ਜੋ ਤੇਰੇ ਘਰ 'ਚ ਵਸਦਾ ਹੈ
ਉਸਨੂੰ ਬਾਹਰ ਟੋਲਦਾ ਹੈਂ

-0-

ਇਹ ਸੁਣ
ਉਹ ਨਗਰੀ ਤਿਆਗ
ਆਪਣੀ ਨਗਰੀ ਤੇ ਘਰ ਵੱਲ ਮੁੜਿਆ

ਰਸਤੇ 'ਚ ਬੋਝ ਦੇ ਕੋਲੋਂ
ਜਦ ਲੰਘਿਆ
ਤਾਂ ਬੋਲਿਆ
ਤੂੰ ਇਥੇ ਹੀ ਪਿਆ ਹੈਂ
ਬੋਝ ਬੋਲਿਆ
ਮੈਂ ਤੈਨੂੰ ਉਡੀਕਦਾ ਸਾਂ
ਮੈਨੂੰ ਵਿਸ਼ਵਾਸ ਸੀ
ਤੂੰ ਪਰਤਕੇ ਜ਼ਰੂਰ ਆਵੇਂਗਾ
ਮੈਨੂੰ ਮੋਢਿਆਂ ਤੇ ਉਠਾਵੇਂਗਾ
ਤੇ ਵਾਪਿਸ ਘਰ ਲੈ ਜਾਵੇਂਗਾ
ਉਸਦੇ ਪੈਰ ਬੋਲੇ
ਅਸੀਂ ਵਾਪਿਸ ਨਹੀਂ ਮੁੜਨਾ
ਤੂੰ ਆਖਿਆ ਸੀ
ਉਸਨੇ ਬੋਝ ਮੋਢਿਆਂ ਤੇ ਧਰਿਆ
ਪੈਰ ਉਤਾਰ ਕੇ ਬੋਝੇ 'ਚ ਪਾਏ
ਤੇ ਘਰ ਵੱਲ ਤੁਰ ਪਿਆ

---

## ਸੰਕਲਪ

ਬੀਜ ਨੇ ਜਦ ਜਾਣਿਆ
ਉਸ ਚੋਂ ਰੁੱਖ ਉੱਗਣ ਵਾਲਾ ਹੈ
ਬੀਜ ਨੇ ਆਪਣੇ ਸੰਕਲਪ 'ਚ
ਅਕਾਸ਼ ਸੂਰਜ ਚੰਨ ਤਾਰੇ
ਬ੍ਰਹਿਮੰਡ ਉਤਾਰਿਆ
ਰਹਿਮਤਾਂ ਨਿਹਮਤਾਂ ਸੰਗ
ਲੱਦੇ ਰੁੱਖਾਂ ਦਾ ਰੂਪ
ਆਪਣੇ ਨੈਣਾਂ 'ਚ ਵਸਾ ਲਿਆ
ਮੁਜੱਸਮਾਂ
ਸਾਗਰਾਂ ਪਰਬਤਾਂ ਦਰਿਆਵਾਂ
ਫੁੱਲਾਂ ਫੱਲਾਂ ਮੌਸਮਾਂ ਬਹਾਰਾਂ ਦਾ
ਰੁੱਖ ਨੂੰ ਬਣਾ ਲਿਆ

-0-

ਰੁੱਖ ਦੇ ਜਨਮ ਤੋਂ ਪਹਿਲਾਂ
ਬੀਜ ਨੇ ਆਪਣਾ ਸੰਕਲਪ
ਰੁੱਖ 'ਚ ਧਰ ਦਿਤਾ
ਜਨਮ ਤੇ
ਰੁੱਖ ਨੂੰ ਜੰਗਲ ਦੀ ਗੁੜ੍ਹਤੀ ਦਿੱਤੀ
ਚਾਂਦਨੀ ਦਾ ਠੰਡਾ ਟੁੱਕੜਾ
ਰੁੱਖ ਦੇ ਬੁਲ੍ਹਾਂ ਨੂੰ ਲਾਇਆ
ਸ਼ਬਨਮ ਦਾ ਹੁਸਨ
ਰੁੱਖ ਦੇ ਨੈਣਾਂ 'ਚ ਪਾ ਦਿੱਤਾ
ਚੰਨਾਂ ਸੂਰਜਾਂ ਦਾ ਟਿੱਕਾ
ਰੁੱਖ ਦੇ ਮੱਥੇ ਤੇ ਲਾ ਦਿੱਤਾ

-0-

ਰੁੱਖ ਵਧਿਆ ਫੁਲਿਆ ਫੈਲਿਆ
ਫੁੱਲਾਂ ਤੇ ਫੱਲਾਂ ਨਾਲ ਲੱਦਿਆ ਗਿਆ
ਸੜਦੀਆਂ ਧੁੱਪਾਂ 'ਚ
ਆਸਰਾ ਰਾਹੀਆਂ ਦਾ
ਵਸੇਬਾ ਪੰਛੀਆਂ ਦਾ ਬਣਦਾ ਗਿਆ
ਰੁੱਖ ਚੋਂ ਜ਼ਿੰਦਗੀ
ਸਾਹ ਲੈਂਦੀ ਗਈ
ਇਕ ਨਦੀ ਜੀਵਨ ਦੀ
ਰੁੱਖ ਦੀਆਂ ਜੜ੍ਹਾਂ ਤੋਂ ਪੱਤਿਆਂ
ਤਕ ਵਹਿੰਦੀ ਗਈ

-0-

ਇਕ ਦਿਨ ਰੁੱਖ
ਬੜਾ ਉਦਾਸ ਹੋਇਆ
ਆਪਣੇ ਬੀਜ ਨੂੰ ਬੋਲਿਆ
ਮੈਂ ਜਨਮਦਾ ਤੇ ਮਰਦਾ ਹੀ
ਰਹਿੰਦਾ ਹਾਂ
ਜਨਮ ਮਰਨ ਦੇ ਚੱਕਰ ਤੋਂ ਮੁਕਤ
ਨਹੀਂ ਹੁੰਦਾ
ਮੈਂ ਦਿਆਲੂ ਹਾਂ
ਚੰਗੇ ਕਰਮ ਕਰਦਾ ਹਾਂ
ਕ੍ਰਿਪਾਲੂ ਹਾਂ
ਲੋਕ ਪੱਥਰ ਮਾਰਦੇ ਹਨ
ਮੈਂ ਫੱਲ ਦਿੰਦਾ ਹਾਂ
ਧੁੱਪਾਂ ਸਹਾਰਦਾ ਹਾਂ ਛਾਵਾਂ ਵੰਡਦਾ ਹਾਂ

ਪਰ ਜਨਮ ਮਰਨ ਤੋਂ
ਛੁਟਕਾਰਾ ਨਹੀਂ ਪਾਉਂਦਾ
ਆਪਣਾ ਸਫ਼ਰ ਕਿਉਂ ਨਹੀਂ
ਮੁਕਾਉਂਦਾ
ਮੈਂ ਆਪਣੇ ਸੱਚ 'ਚ
ਕਿਉਂ ਸਮਾ ਨਹੀਂ ਜਾਂਦਾ

-0-

ਬੀਜ ਗੁਰੂ ਬੋਲਿਆ
ਐ ਰੁੱਖ ਤੇਰਾ ਇਹ ਭਰਮ ਹੈ
ਆਪਣਾ ਤੀਸਰਾ ਨੇਤਰ ਖੋਲ੍ਹ
ਤੇ ਆਪਾ ਪਹਿਚਾਣ
ਤੇਰੇ 'ਚ ਜੀਵਨ ਹੀ ਜੀਵਨ ਹੈ
ਤੂੰ ਅਮਰ ਹੈਂ ਮ੍ਰਿਤਿਯੂ ਰਹਿਤ ਹੈਂ
ਤੂੰ ਬੀਜ ਚੋਂ ਉੱਗਦਾ ਹੈਂ
ਆਪਣੇ ਆਪ ਚੋਂ ਫੱਲ ਉੱਗਾਉਂਦਾ ਹੈਂ
ਫੱਲ ਬੀਜ ਦਾ ਰੂਪ ਹੋਂ ਜਾਂਦਾ ਹੈ
ਆਪਣੇ ਅੰਤ ਤੋਂ ਪਹਿਲਾਂ
ਰੁੱਖ ਬਣ ਕੇ ਉੱਗ ਆਉਂਦਾ ਹੈ
ਤੇਰਾ ਸੱਚ ਅਮਰ ਹੈ ਨਿਰੰਤਰ ਹੈ
ਤੇਰਾ ਜਿਸਮ ਮ੍ਰਿਤਿਯੂ ਰਹਿਤ ਬਣਤਰ ਹੈ

-0-

ਰੁੱਖ ਨੇ
ਆਪਣਾ ਤੀਸਰਾ ਨੇਤਰ ਖੋਲ੍ਹਿਆ
ਆਪਣਾ ਸੱਚ ਜਾਤਾ
ਬੀਜ ਚੋਂ
ਆਪਣਾ ਆਪ ਪਛਾਤਾ
ਬੀਜ 'ਚ ਸਮਾ ਗਿਆ
ਬੀਜ ਚੋਂ ਰੁੱਖ
ਰੁੱਖ ਚੋਂ ਬੀਜ ਨਜ਼ਰ ਆ ਗਿਆ

-0-

ਬੀਜ ਨੇ
ਆਪਣੀ ਗਰਭ 'ਚ
ਵਿਧੀ ਦਾ ਸਿਧਾਂਤ
ਜੋ ਰੁੱਖ ਨੂੰ ਵਿਖਾਇਆ ਸੀ
ਤੀਸਰਾ ਨੇਤਰ ਖੁਲ੍ਹਣ ਤੋਂ ਪਿਛੋਂ
ਉਸ ਸੰਕਲਪ ਦਾ ਵਜੂਦ ਬਣ
ਰੁੱਖ ਬੀਜ ਚੋਂ ਉੱਗ ਆਇਆ ਸੀ

---

## ਬ੍ਰਹਿਮੰਡਕ ਤਬਦੀਲੀ

ਆਪਾ ਨਿਚੋੜਦੀ ਹੈ ਧਰਤੀ
ਜੀਵਨ ਉੱਗਾਉਂਦੀ ਹੈ
ਸਹਿਰਾ ਪੀਂਦਾ ਹੈ ਸਾਗਰ
ਪਿਆਸ ਬੁਝਾਉਂਦਾ ਹੈ
ਉਬਲਦਾ ਸੂਰਜ ਮੂੰਹ 'ਚ ਪਾਉਂਦਾ ਹੈ
ਪਤਝੜ ਨੂੰ ਚੁੰਮਦੀ ਹੈ ਬਹਾਰ
ਬੀਜ ਦੇ ਪੁੰਗਰਾ ਲਈ
ਚੁੱਪ ਉਤਾਰ੍ਦੇ ਨੇ ਆਪਣੇ ਅੰਦਰ ਸ਼ਬਦ
ਬੋਲ ਹੋਣ ਲਈ
ਉਜਾੜਾਂ ਉਡੀਕਦੀਆਂ ਨੇ ਰੌਣਕਾਂ
ਖੁਸ਼ਹਾਲ ਹੋਣ ਲਈ

-0-

ਹਰ ਚੀਜ਼ ਦੇ ਅਗਾਜ਼ ਨੇ
ਆਪਣੇ ਅੰਦਰ ਆਪਣਾ
ਅੰਤ ਸਮੋਇਆ ਹੈ
ਅੰਤ ਤੋਂ ਅਗਾਜ਼ ਵੱਲ ਦਾ
ਸਫ਼ਰ ਸ਼ੁਰੂ ਹੋਇਆ ਹੈ
ਅੰਤ ਅਗਾਜ਼ 'ਚ ਮੁੱਕਾ ਹੈ
ਪੱਤ ਪੁੰਗਰੇ ਨੇ ਪਰ ਰੁੱਖ ਸੁੱਕਾ ਹੈ
ਕਬ਼ਰ ਚੋਂ ਜ਼ਿੰਦਗੀ
ਪੁੰਗਰ ਆਈ ਹੈ
ਮੌਤ ਦੇ ਵਜੂਦ ਚੋਂ
ਜ਼ਿੰਦਗੀ ਝਾਕਦੀ ਨਜ਼ਰ ਆਈ ਹੈ

ਧਰਤੀ ਅੰਬਰ ਦੀ ਥਾਂ ਹੋ ਗਈ ਹੈ
ਅੰਬਰ ਧਰਤੀ ਦੀ ਥਾਂ ਹੋ ਗਿਆ ਹੈ
ਆਦਮੀ ਨੇ
ਆਪਣੇ ਪੈਰ ਸਿਰ ਦੀ ਥਾਂ
ਸਿਰ ਪੈਰਾਂ ਦੀ ਥਾਂ ਬੀਜ ਦਿੱਤਾ ਹੈ
ਜੰਗਲ ਦੀਆਂ ਜੜ੍ਹਾਂ ਅਸਮਾਨ ਵੱਲ ਹਨ
ਸਿਰ ਧਰਤੀ ਦੇ ਪਿੰਡੇ 'ਚ ਸਮਾਇਆ ਹੈ
ਸਾਗਰ ਦਾ ਦਰਪਣ ਜ਼ਿਮੀਂ 'ਚ ਹੈ
ਤਲ ਅੰਬਰ ਵੱਲ ਹੈ
ਪਹਾੜ ਦੀ ਉੱਚਾਈ ਧਰਤੀ 'ਚ ਹੈ
ਨੀਹਾਂ ਅੰਬਰ 'ਚ ਉੱਗ ਆਈਆਂ ਹਨ

-0-

ਸਾਗਰ
ਧਰਤੀ ਹੇਠ ਵਗਦੀਆਂ ਨਦੀਆਂ ਤੇ
ਦਰਿਆਵਾਂ 'ਚ ਪੈਂਦਾ ਹੈ
ਨਦੀਆਂ ਤੇ ਦਰਿਆਵਾਂ
ਦੇ ਅਗਾਜ਼ ਵੱਲ ਤੁਰਦਾ ਹੈ
ਪੰਛੀਆਂ ਦੇ ਖੰਭ ਤੁਰਦੇ ਹਨ
ਪੈਰ ਉੱਡਦੇ ਹਨ
ਸਮੇਂ ਦਾ ਭਵਿੱਖ
ਸਮੇਂ ਦੇ ਭੂਤ 'ਚ ਉਤਰਿਆ ਹੈ
ਆਪਣਾ ਆਪ ਜਾਨਣ ਲਈ
ਆਪਣੇ ਵਿਕਸਤ ਚਿਹਰੇ ਦਾ
ਸੱਚ ਪਹਿਚਾਣਨ ਲਈ

ਹਰ ਚੀਜ਼
ਆਪਣੇ ਅੰਤ ਤੋਂ ਜੜ੍ਹ ਵੱਲ ਮੁੜੀ ਹੈ
ਸਾਰੀ ਪ੍ਰਕਿਰਤੀ ਦੀ ਜੜ੍ਹ ਉੱਪਰ ਹੈ
ਸਿਰ ਚਿਹਰਾ ਤੇ ਨਕ਼ਸ਼ ਧਰਤੀ 'ਚ
ਸਾਰੀ ਜ਼ਿੰਦਗੀ
ਆਪਣੇ ਅੰਤ ਤੋਂ ਆਦਿ ਵੱਲ ਤੁਰੀ ਹੈ
ਇਹ ਜਾਨਣ ਲਈ
ਕਿ ਉਸਦੇ ਅਗਾਜ਼ ਤੋਂ
ਅੰਤ ਵੱਲ ਦਾ ਸਫ਼ਰ
ਸਫ਼ਲ ਸੀ ਜਾਂ ਅਸਫ਼ਲ ਸੀ
ਚਾਨਣ ਗਿਆਨ ਵਿਗਿਆਨ
ਤੇ ਦਰਸ਼ਨ
ਸਭ ਆਪਣੇ ਮੁੱਢ ਵੱਲ ਮੁੜੇ ਹਨ
ਆਪਣੇ ਸੱਚ ਦਾ ਯਥਾਰਥ ਜਾਨਣ ਲਈ

-0-

ਜ਼ਿੰਦਗੀ
ਬ੍ਰਹਿਮੰਡ ਅਕਾਸ਼ ਪਤਾਲ ਧਰਤੀਆਂ
ਜਿੱਥੇ ਪ੍ਰਯੋਗ ਸਨ
ਹੁਣ ਪ੍ਰਯੋਗਸ਼ਾਲਾ 'ਚ ਢਲ ਗਏ ਹਨ
ਆਪਣੇ ਪੈਰਾਂ ਤੋਂ ਸਿਰ 'ਚ
ਸਿਰ ਚੋਂ ਪੈਰਾਂ 'ਚ ਉਤਰ ਗਏ ਹਨ
ਇਹ ਜਾਨਣ ਲਈ
ਕਿ ਉਨ੍ਹਾਂ ਦਾ ਵਿਕਾਸ

ਸੱਚ ਸੁੰਦਰਤਾ ਕਲਿਆਣ
ਦਾ ਮੁਜੱਸਮਾ ਹੈ ਜਾਂ ਨਹੀਂ
ਮਨੁੱਖ ਮਨੁੱਖਤਾ ਅਨੁਕੂਲ
ਵਿਕਸਤ ਜੀਵਨ ਦਾ ਚਸ਼ਮਾ ਹੈ ਜਾਂ ਨਹੀਂ

-0-

ਕਣਕ ਚੌਲ ਮੱਕੀ ਬਾਜਰਾ
ਦਾਲਾਂ ਸਬਜ਼ੀਆਂ
ਹੁਣ ਅੰਬਰ 'ਚ ਉੱਗਦੀਆਂ ਹਨ
ਸੂਰਜ ਚੰਨ ਤਾਰੇ
ਧਰਤੀ ਚੋਂ ਨਿਕਲਦੇ ਹਨ

-0-

ਅੰਬਰ ਦਾ ਦਿਲ
ਧਰਤੀ ਦਾ ਵਜੂਦ
ਸਮੇਂ ਦੇ ਹਾਣ ਦੀ ਕੋਈ ਜ਼ਿੰਦਗੀ
ਲਈ ਪਿਘਲਦਾ ਹੈ
ਕਿ ਸਿਖ਼ਰ ਤੇ ਪਹੁੰਚੀ ਜ਼ਿੰਦਗੀ ਚੋਂ
ਇਨਸਾਨ ਮਨਫ਼ੀ ਹੈ
ਮਨੁੱਖਾ ਆਦਰਸ਼ ਮਨਫ਼ੀ ਹੈ
ਵਿੰਕਸਤ ਜ਼ਿੰਦਗੀ ਚੋਂ
ਮਨੁੱਖਤਾ ਦੇ ਵਜੂਦ ਦਾ
ਜਹਾਨ ਮਨਫ਼ੀ ਹੈ

-0-

ਮਨੁੱਖ
ਹੁਣ ਆਪਣੇ ਅਗਾਜ਼ ਤੇ ਅੰਤ
ਦਾ ਸਫ਼ਰ
ਪ੍ਰਯੋਗਸ਼ਾਲਾ 'ਚ ਪ੍ਰਯੋਗੇਗਾ
ਆਪਣੀ ਸਫ਼ਲਤਾ ਅਸਫ਼ਲਤਾ ਦਾ
ਸੱਚ ਘੋਖੇਗਾ
ਆਪਣੀ ਭੋਗੀ ਉਮਰ ਦਾ
ਵਿਚਰਨ ਧਰਾਤਲ ਵਿਚਾਰੇਗਾ
ਆਪਣੀ ਨਵੀਂ ਨੁਹਾਰ
ਆਪਣੇ ਗਿਆਨ ਵਿਗਿਆਨ ਦਾ ਸੱਚ
ਧਰਤੀ ਤੇ
ਅਜੋਕੇ ਸਿਰ ਭਾਰ ਤੁਰਦੇ ਮਨੁੱਖ ਦੇ
ਮੱਥੇ 'ਚ ਉਤਾਰੇਗਾ

---

# ਪਿੰਜਰਾ

ਪਿੰਜਰਾ :– ਇਕ
ਪੱਤੇ ਪੱਤੇ ਦਾ ਰੁੱਖ਼ ਪਿੰਜਰਾ ਹੈ
ਮੌਸਮ ਬਹਾਰਾਂ ਰੁੱਤਾਂ ਦਾ
ਗੁਲਜ਼ਾਰ ਪਿੰਜਰਾ ਹੈ
ਰੰਗਾਂ ਖ਼ੁਸ਼ਬੂਆਂ ਸ਼ੋਖ਼ੀਆਂ ਦੀ
ਬਹਾਰ ਪਿੰਜਰਾ ਹੈ
ਬੀਜ ਦਾ ਫੱਲ
ਹਵਾ ਦਾ ਵੇਗ ਪਿੰਜਰਾ ਹੈ
ਅੱਗਣ ਦਾ ਤੇਜ਼ ਪਿੰਜਰਾ ਹੈ
ਰੂਹ ਦਾ ਪ੍ਰਾਣ
ਪ੍ਰਾਣ ਦਾ ਦੇਹ ਪਿੰਜਰਾ ਹੈ
ਸ਼ਹਿਰ ਦਾ ਖੰਡੇਰ ਤੇ ਥੇਹ ਪਿੰਜਰਾ ਹੈ
ਦੁਨੀਆਂ ਤੇ ਦੁਨੀਆਂ ਦਾ
ਕਾਰੋਬਾਰ ਪਿੰਜਰਾ ਹੈ
ਸਾਰਾ ਸੰਸਾਰ ਪਿੰਜਰਾ ਹੈ

–0–

ਜ਼ਿੰਦਗੀ ਪਿੰਜਰੇ ਤੋਂ
ਪਿੰਜਰੇ ਦਾ ਸਫ਼ਰ ਹੈ
ਮੌਤ ਦੇ ਪਿੰਜਰੇ ਚੋਂ ਜਨਮਦੀ ਹੈ
ਮੌਤ ਦੇ ਪਿੰਜਰੇ ਤੇ ਮੁੱਕਦੀ ਹੈ
ਰਿਸ਼ਤੇ ਨਾਤੇ ਵਾਅਦੇ ਮੁਹੱਬਤਾਂ ਦਾ
ਇਨਸਾਨ ਪਿੰਜਰਾ ਹੈ
ਮੰਦਰ ਹੈ ਭਗਵਾਨ ਦਾ ਪਿੰਜਰਾ
ਪਿੰਜਰੇ ਤੋਂ ਪਿੰਜਰੇ ਤਕ ਦਾ ਸਫ਼ਰ ਹੈ ਸਾਰਾ
ਅਗਾਜ਼ ਦਾ ਅੰਤ ਹੈ ਪਿੰਜਰਾ

ਪ੍ਰਵਾਜ਼ ਦਾ ਆਗਾਜ਼ ਹੈ ਪਿੰਜਰਾ
ਜਿਥੋਂ ਨਜ਼ਰ ਉੱਠਦੀ ਤੇ ਬਹਿੰਦੀ ਹੈ
ਉਤਾਰੀ ਤੋਂ ਬਿਨਾਂ
ਉੱਠਣ ਤੇ ਬੈਠਣ ਦਾ ਕਾਰੋਬਾਰ ਹੈ ਪਿੰਜਰਾ
ਸੰਕਲਪ ਦਾ ਅਰਥ
ਅਰਥ ਦਾ ਸ਼ਬਦ ਹੈ ਪਿੰਜਰਾ
ਮਨੁੱਖ ਦਾ ਸਮਾਜ ਹੈ ਪਿੰਜਰਾ
ਮਨੁੱਖ ਸਮਾਜ ਤੇ ਮਨੁੱਖਤਾ ਦਾ
ਸਰੋਕਾਰ ਹੈ ਪਿੰਜਰਾ

-0-

ਪਿੰਜਰਾ :-ਦੋ
ਪਿੰਜਰੇ 'ਚ ਅਦਬ ਹੈ
ਆਜ਼ਾਦੀ ਦਾ ਅਰਥ ਹੈ
ਆਗਾਜ਼ ਹੈ ਹਸ਼ਰ ਹੈ
ਪਿੰਜਰੇ 'ਚ ਹੀ ਜੰਗਲ
ਸ਼ਹਿਰ ਦਾ ਰੂਪ ਧਾਰਦਾ ਹੈ
ਸਭਿਅਕ ਅਨੁਸ਼ਾਸਨ ਸਿਰਜਦਾ ਹੈ
ਉਸਾਰਦਾ ਹੈ
ਪਿੰਜਰੇ 'ਚ ਹਰ ਸ਼ੈਅ
ਭੈਅ 'ਚ ਵਗਦੀ ਹੈ
ਪਿੰਜਰਾ ਸਭਿਆਚਾਰ ਸਭਿਅਤਾ
ਸੰਸਕ੍ਰਿਤੀ ਦੀ ਕੁੱਖ ਹੈ

ਪਿੰਜਰਾ ਕਿਰਦਾਰ ਦਾ ਸੋਮਾ ਹੈ
ਜੰਗਲੀ ਪੌਣ ਜਦ ਪਿੰਜਰੇ 'ਚ ਪੈਂਦੀ ਹੈ
ਤਾਂ ਸਭਿਅਕ ਵੇਗ ਲੱਗਦੀ ਹੈ
ਜੰਗਲੀ ਅੱਗ ਪਿੰਜਰੇ 'ਚ
ਅੱਗਣ ਤੋਂ ਤੇਜ਼ ਬਣਦੀ ਹੈ
ਜਲ ਜਦ ਪਿੰਜਰੇ 'ਚ ਪੈਂਦਾ ਹੈ
ਤਾਂ ਦਾਮਨੀ ਜਨਮਦਾ ਹੈ
ਜਾਨਵਰ ਪਿੰਜਰੇ 'ਚ ਹੀ
ਮਨੁੱਖ ਦੀ ਭਾਸ਼ਾ ਬੋਲਦਾ ਹੈ
ਪਿੰਜਰਾ ਨਿਰੀ ਕੈਦ ਹੀ ਨਹੀਂ
ਜੀਵਨ 'ਚ ਸੁੱਖ ਸ਼ਾਂਤੀ ਅਮਨ
ਬਹਾਲੀ ਦਾ ਸੋਮਾ ਹੈ
ਪਿੰਜਰਾ ਸ਼ੋਰ ਨੂੰ ਸੁਰ 'ਚ ਢਾਲਦਾ ਹੈ
ਪਿੰਜਰਾ ਅੰਬਰ ਦਾ ਹੰਕਾਰ
ਧਰਤੀ ਤੇ ਉਤਾਰਦਾ ਹੈ
ਪਿੰਜਰਾ ਸੁਤੰਤਰਤਾ ਜਨਮਦਾ ਹੈ
ਸੁਤੰਤਰਤਾ ਦੇ ਅਰਥ ਸਿਖਾਉਂਦਾ ਹੈ
ਵਾਵਰੋਲਿਆਂ ਦਾ ਅਥਰਾਪਣ
ਪਿੰਜਰਾ ਸ਼ਾਂਤ ਬੁਲ੍ਹਿਆਂ 'ਚ ਬਦਲਦਾ ਹੈ

-0-

ਪਿੰਜਰਾ ਵਿਦਿਆ ਅਦਬ
ਇਨਸਾਨੀਅਤ ਦਾ ਮਦਰੱਸਾ ਹੈ
ਦਰਿੰਦਗੀ ਜ਼ੁਲਮ ਜੰਗਲੀਪਣ ਤੋਂ
ਮੁਕਤੀ ਦਾ ਵਸੀਲਾ ਹੈ

ਪਿੰਜਰਾ ਉਹ ਭੱਠ ਹੈ
ਜਿਸ ਚੋਂ ਮਨੁੱਖ ਸੋਨਾ ਬਣਕੇ ਨਿਕਲਦਾ ਹੈ
ਮਨੁੱਖਤਾ ਨੂੰ ਪਿਆਰਦਾ ਹੈ
ਮਨੁੱਖ ਨੂੰ ਸਤਿਕਾਰਦਾ ਹੈ

-0-

ਜੇ ਜ਼ਿੰਦਗੀ ਚੋਂ
ਪਿੰਜਰਾ ਮਨਫ਼ੀ ਹੋ ਜਾਏ
ਜ਼ਿੰਦਗੀ ਅਵਾਰਗੀ ਦਰਿੰਦਗੀ
ਜੰਗਲੀਪਣ ਦਾ ਰੂਪ ਬਣ ਜਾਏ
ਹਰ ਆਦਮੀ ਵੈਸ਼ੀ ਹੈਵਾਨ ਹੋ ਜਾਏ
ਅਮਨ ਸ਼ਾਂਤੀ ਸੁੱਖ ਤੇ ਆਰਾਮ
ਜ਼ਿੰਦਗੀ ਦਾ ਬੇਆਰਾਮ ਹੋ ਜਾਂਏ
ਜ਼ਿੰਦਗੀ ਨਰਕ ਹੋ ਜਾਏ
ਕਬਰਸਤਾਨ ਹੋ ਜਾਏ

---

# ਪਹਿਚਾਣ

ਮੈਂ ਦੁਨੀਆਂ ਦੇ ਭਰਮਣ 'ਚ
ਕੱਚ ਦੇ ਲੋਕ ਕੱਚ ਦੇ ਸ਼ਹਿਰ
ਕੱਚ ਦੀ ਦੁਨੀਆਂ ਵੇਖੀ ਹੈ
ਸ਼ੀਸ਼ੇ ਦੇ ਦਰਿਆ ਨਦੀਆਂ
ਜੰਗਲ ਪਸ਼ੂ ਪਖ਼ਸ਼ੀ ਵੇਖੇ ਹਨ
ਕੱਚ ਦੇ ਅੰਬਰ 'ਚ
ਕੱਚ ਦੇ ਚੰਨ ਸੂਰਜ ਤਾਰੇ ਵੇਖੇ ਹਨ
ਕੱਚ ਦੀ ਧਰਤੀ ਤੇ
ਕੱਚ ਦੇ ਨਜ਼ਾਰੇ ਵੇਖੇ ਹਨ
ਜਿਨ੍ਹਾਂ ਧਰਤੀਆਂ ਨੇ ਆਪਣੇ ਤੇ
ਸਵਰਗ ਉਤਾਰੇ ਹਨ
ਉਹਨਾਂ ਧਰਤੀਆਂ ਤੇ ਘੁਮਿਆਂ
ਤੇ ਫਿਰਿਆ ਹਾਂ

-0-

ਮੈਂ ਆਪਣੇ ਭਰਮਣ 'ਚ
ਕਈ ਸੋਨੇ ਦੀਆਂ ਲੰਕਾਂ ਵੇਖੀਆਂ ਹਨ
ਸੋਨੇ ਦੇ ਮੰਦਰ
ਸੋਨੇ ਦੇ ਭਗਵਾਨ ਵੇਖੇ ਹਨ
ਪੂਜਾ ਸਮੱਗਰੀ ਤੇ ਪੁਜਾਰੀ ਵੇਖੇ ਹਨ
ਸੋਨਾ ਉੱਗਉਂਦੇ ਧਰਤੀ ਦੇ ਖੇਤ ਵੇਖੇ ਹਨ
ਸੋਨੇ ਦੇ ਬੇਲੇ ਤੇ ਜੂਹਾਂ ਵੇਖੀਆਂ ਹਨ
ਰੌਸ਼ਨੀਆਂ 'ਚ ਝਿਲਮਿਲਉਂਦਾ
ਸੋਨੇ ਦਾ ਸ਼ਹਿਰ ਤੱਕਿਆ ਹੈ

ਸੋਨੇ ਦੀਆਂ ਗਲੀਆਂ ਚੌਬਾਰੇ
ਸੜਕਾਂ ਚੌਕਾਂ ਚੌਰਾਹਿਆਂ 'ਚ
ਸੋਨੇ ਦੇ ਲੱਗੇ ਬੁੱਤ ਵੇਖੇ ਹਨ
ਅਸਮਾਨ ਛੋਂਹਦੀਆਂ ਸੋਨੇ ਦੀਆਂ
ਇਮਾਰਤਾਂ ਚੋਂ
ਝਾਕਦੇ ਸੋਨੇ ਦੇ ਚਿਹਰੇ ਤੇ ਨੈਣ
ਨਕ਼ਸ਼ ਵੇਖੇ ਹਨ

-0-

ਭਰਮਣ 'ਚ
ਚਾਂਦੀ ਦੇ ਸਾਗਰ
ਚਾਂਦੀ ਦੇ ਰੁੱਖ ਫੁੱਲ ਪੱਤੀਆਂ
ਬਹਾਰ ਵੇਖੀ ਹੈ
ਚਾਂਦੀ ਦੀਆਂ ਰਾਤਾਂ ਦਿਨ
ਚਾਂਦੀ ਦੀਆ ਧੁੱਪਾਂ ਤੇ ਛਾਵਾਂ ਵੇਖੀਆਂ ਹਨ
ਚਾਂਦੀ ਦੀ ਗੁਲਜ਼ਾਰ 'ਚ ਖਿੜੀ
ਚਾਂਦੀ ਦੇ ਆਬਸ਼ਾਰ ਵੇਖੇ ਹਨ
ਚਾਂਦੀ ਦਾ ਚੜ੍ਹਿਆ ਸੂਰਜ
ਚਾਂਦੀ ਦੇ ਚੰਨ 'ਚ ਠਰਦੀ ਚਾਂਦੀ ਦੀ
ਰਾਤ ਵੇਖੀ ਹੈ
ਮੌਸਮ ਬਹਾਰਾਂ ਰੁੱਤਾਂ
ਚਾਂਦੀ ਦੀ ਸਵੇਰ ਵੇਖੀ ਹੈ
ਚਾਂਦੀ ਦੀ ਢਲਦੀ ਸ਼ਾਮ ਦਾ
ਹੁਸਨ ਤੱਕਿਆ ਹੈ
ਚਾਂਦੀ ਦਾ ਬਚਪਣ ਜੁਆਨੀ
ਬੁਢਾਪਾ ਤੱਕਿਆ ਹੈ
ਚਾਂਦੀ ਦੇ ਕਤਲ ਕਰਦੇ ਨੈਣ ਤੱਕੇ ਹਨ

-0-

ਭਰਮਣ 'ਚ
ਪਿੱਤਲ ਦੀ ਪ੍ਰਕਿਰਤੀ
ਪਿੱਤਲ ਦੀ ਹਰਿਆਵਲ
ਪਿੱਤਲ ਦੇ ਖੇਤਾਂ 'ਚ ਲਹਿਰਾਉਂਦੀਆਂ
ਪਿਤਲ ਦੀਆਂ ਫ਼ਸਲਾਂ ਵੇਖੀਆਂ ਹਨ
ਪਿੱਤਲ ਦੇ ਬਾਗ਼ ਸੈਰਗਾਹਾਂ 'ਚ
ਪਿੱਤਲ ਦੇ ਰੰਗਾਂ ਦੀ ਖ਼ੁਸ਼ਬੂ ਤੱਕੀ ਹੈ
ਪਿੱਤਲ ਦੇ ਗੀਤ
ਪਿੱਤਲ ਦੇ ਗੂੰਜਦੇ ਬੋਲ ਸੁਣੇ ਹਨ
ਪਿੱਤਲ ਦਾ ਨਿਰਤ ਰਾਗ ਰੰਗ
ਬੁੱਤ ਤੇ ਚਿਤਰ ਦੇਖੇ ਹਨ
ਪਿੱਤਲ ਦੀਆਂ ਗਲੀਆਂ ਚੋਂ
ਨੰਨੇ ਪੈਰਾਂ ਦੀ ਆਹਟ ਤੇ ਤੋਤਲੇ
ਬੋਲ ਸੁਣੇ ਹਨ
ਪਿੱਤਲ ਦੀਆਂ ਘੁੱਗੀਆਂ ਤੋਤੇ ਬਾਜ਼
ਤੇ ਮੋਰ ਵੇਖੇ ਹਨ
ਪਿੱਤਲ ਦੇ ਅੰਬਰ ਤੇ
ਪਿੱਤਲ ਦੀਆਂ ਸਾਵਣ ਘਟਾਵਾਂ ਵੇਖੀਆਂ ਹਨ
ਪਿੱਤਲ ਦੀ ਦੁਨੀਆਂ
ਪਿਤਲ ਦੇ ਇਨਸਾਨ ਵੇਖੇ ਹਨ
ਪਿੱਤਲ ਦੇ ਦੇਵਤੇ ਪਰੀਆਂ ਤੇ ਭਗਵਾਨ ਵੇਖੇ ਹਨ
ਪਿੱਤਲ ਜਿਉਂਦੀ ਜ਼ਿੰਦਗੀ ਦਾ
ਅਹਿਸਾਸ ਤੱਕਿਆ ਹੈ
ਜ਼ਿੰਦਗੀ ਦੀਆਂ ਰਗਾਂ 'ਚ ਦੌੜਦਾ
ਪਿੱਤਲ ਦਾ ਸਵਾਸ ਤੱਕਿਆ ਹੈ

-0-

ਭਰਮਣ ਦੀ ਦੁਨੀਆਂ 'ਚ
ਮਿੱਟੀ ਦੇ ਲੋਕ ਮਿੱਟੀ ਦੀ ਧਰਤ
ਮਿੱਟੀ ਦੇ ਚੰਨ ਸੂਰਜ ਤਾਰੇ ਤੇ
ਅਕਾਸ਼ ਤੱਕਿਆ ਹੈ
ਮਿੱਟੀ ਦੇ ਘਰ ਕੰਧਾਂ ਕੋਠੇ
ਦੁਆਰ ਤੱਕਿਆ ਹੈ
ਮਿੱਟੀ ਦੀ ਭੀੜ 'ਚ ਵਿਚਰਦਾ
ਮਿੱਟੀ ਦਾ ਕਾਰੋਬਾਰ ਤੱਕਿਆ ਹੈ
ਮਿੱਟੀ ਦੇ ਖਿਡਾਉਣਿਆਂ ਦਾ
ਸਜਿਆ ਮਿੱਟੀ ਦਾ ਬਜ਼ਾਰ ਤੱਕਿਆ ਹੈ
ਮਿੱਟੀ ਦੇ ਪਹਾੜ ਰੁੱਖ ਨਦੀਆਂ
ਦਰਿਆ ਵੇਖੇ ਹਨ
ਮਿੱਟੀ ਦੀ ਪੌਣ ਅੱਗ ਜਲ
ਮਿੱਟੀ ਦਾ ਰਾਗ ਸੁਣਿਆ ਹੈ
ਮਿੱਟੀ ਦਾ ਸਾਜ ਸੁਣਿਆ ਹੈ
ਮਿੱਟੀ ਦਾ ਹਾਸਾ ਅੱਥਰੂ
ਜਜ਼ਬਾਤ ਤੱਕੇ ਹਨ
ਮਿੱਟੀ ਦੇ ਦਿਨ ਰਾਤ ਤੱਕੇ ਹਨ
ਮਿੱਟੀ ਦੀ ਸਮਾਧੀ ਸਿਮਰਨ
ਅਰਾਧਨਾ ਸਭ ਤੱਕਿਆ ਹੈ
ਮਿੱਟੀ ਦੇ ਘਰਾਂ 'ਚ ਵੱਸਦਾ
ਮਿੱਟੀ ਦਾ ਰੱਬ ਤੱਕਿਆ ਹੈ

-0-

ਮੇਰੇ ਭਰਮਣ 'ਚ
ਜੋ ਕੁੱਝ ਵੀ ਆਇਆ ਹੈ

ਨਾ ਮੈਂ ਉਸਦੀ ਪਹਿਚਾਣ ਹੋਇਆ ਹਾਂ
ਨਾ ਉਹ ਮੇਰੀ ਪਹਿਚਾਣ ਹੋਇਆ ਹੈ
ਇਕ ਓਹਲਾ ਇਕ ਕੰਧ
ਮੇਰੇ ਤੇ ਉਹਦੇ ਵਿਚਾਲੇ ਰਹੀ ਹੈ
ਉਸਦਾ ਸੱਚ ਉਸ ਤੋਂ ਆਲੋਪ ਰਿਹਾ ਹੈ
ਮੇਰਾ ਸੱਚ ਉਸ ਤੋਂ ਅਣਗੌਲਿਆ ਰਿਹਾ ਹੈ
ਉਸ ਦੀਆਂ ਅੱਖਾਂ 'ਚ ਵੀ ਅੱਥਰੂ ਤੈਰਿਆ
ਮੇਰੀਆਂ ਅੱਖਾਂ 'ਚ ਵੀ ਅੱਥਰੂ ਤੈਰਿਆ
ਆਪਣੇ ਆਪਣੇ ਗ਼ਮ ਦੀ
ਆਪਣੀ ਆਪਣੀ ਵੱਖਰੀ ਤਾਸੀਰ ਰਹੀ ਹੈ
ਵੱਖਰੀ ਜ਼ਾਮੀਰ ਰਹੀ ਹੈ

-0-

ਦੁਨੀਆਂ ਭਰਮਣ ਪਿਛੋਂ
ਜਦੋਂ ਮੈਂ ਆਪਣੇ ਘਰ ਪਰਤਿਆ
ਆਪਣੇ ਘਰ ਨੂੰ ਨੁਹਾਇਆ
ਧੋਇਆ ਸੀਤਾ ਪੂੰਝਿਆ ਸੁਆਰਿਆ
ਤੇ ਵਿਹੜੇ 'ਚ
ਇਕ ਮੱਘਦਾ ਸੂਰਜ ਉਤਾਰਿਆ
ਘਰ ਦੇ ਬੂਹੇ ਚੋਂ ਮੈਨੂੰ
ਮੇਰਾ ਚਿਹਰਾ ਨਜ਼ਰ ਆਇਆ
ਘਰ ਦੀਆਂ ਕੰਧਾਂ ਤੇ
ਮੇਰੇ ਨਕ਼ਸ਼ ਮੇਰੇ ਅੰਗ ਚਿਪਕੇ ਸਨ
ਘਰ ਦੇ ਫ਼ਰਸ਼ ਚੋਂ
ਮੇਰੇ ਪੈਰ ਝਾਕਦੇ ਸਨ

ਘਰ ਦੇ ਬੂਹੇ ਬਾਰੀਆਂ
ਮੇਰੀ ਬੋਲਬਾਣੀ ਉਚਾਰਦੇ ਸਨ
ਘਰ ਦੀ ਛੱਤ ਚੋਂ
ਮੇਰਾ ਸੀਸ ਦਿੱਸਦਾ ਸੀ
ਘਰ ਦਾ ਵਿਹੜਾ
ਮੇਰੇ ਖਿਲਰੇ ਅੰਗ ਤੇ ਨਖ਼ਸ਼
ਇਕੱਠੇ ਕਰ
ਮੇਰਾ ਪੂਰਾ ਵਜ਼ੂਦ ਸਿਰਜਦਾ ਸੀ
ਮੇਰੀਆਂ ਅੱਖ਼ਾਂ 'ਚ ਉਤਾਰਦਾ ਸੀ
ਘਰ ਚੋਂ ਮੇਰੀ ਪਹਿਚਾਣ ਝਾਕਦੀ ਸੀ
ਮੇਰੀ ਪਹਿਚਾਣ ਚੋਂ ਘਰ ਝਾਕਦਾ ਸੀ

-0-

ਮੇਰੇ ਭਰਮਣ 'ਚ
ਇਹ ਦ੍ਰਿਸ਼ ਕਿਤੇ ਵੀ ਨਹੀਂ ਸੀ
ਇਹ ਵਜ਼ੂਦ ਇਹ ਅੰਗ ਇਹ ਨਖ਼ਸ਼
ਇਹ ਚਿਹਰਾ ਕਿਤੇ ਵੀ ਨਹੀਂ ਸੀ
ਜਿਸ ਚੋਂ ਮੇਰੀ ਪਹਿਚਾਣ ਨਜ਼ਰ ਆਉਂਦੀ
ਮੇਰੀ ਪਹਿਚਾਣ ਚੋਂ ਮੇਰਾ ਘਰ ਨਜ਼ਰ ਆਉਂਦਾ ਸੀ

---

# ਨਦੀ

ਉਹ ਵਗਦੀ ਨਦੀ ਸੀ
ਮੈਂ ਕਿਨਾਰਾ
ਮੈਂ ਉਸਨੂੰ
ਆਪਣੇ ਹੱਥਾਂ ਤੇ ਉਠਾਈ ਖੜ੍ਹਾ ਸਾਂ
ਪਰ ਉਹ
ਵਗਦੀ ਹੀ ਜਾ ਰਹੀ ਸੀ
ਵਗਦੀ ਹੀ ਜਾ ਰਹੀ ਸੀ

-0-

ਉਹ ਨਾ ਮੇਰੇ ਹੱਥਾਂ ਵੱਲ਼ ਵੇਖਦੀ
ਨਾ ਮੇਰਾ ਚਿਹਰਾ ਪਹਿਚਾਣਦੀ
ਨਾ ਮੇਰੇ ਦਿਲ 'ਚ ਝਾਕਦੀ
ਮੈਂ ਸਦੀਆਂ ਤੋਂ
ਆਪਣੇ ਹੱਥਾਂ ਤੇ ਉਠਾਈ
ਇਸ ਉਡੀਕ 'ਚ ਸੀ
ਉਹ ਕਦੀ ਤਾਂ ਰੁਕੇ
ਮੇਰੀਆਂ ਅੱਖ਼ਾਂ 'ਚ ਝਾਕੇ
ਮੇਰੇ ਦਿਲ ਦੀ ਧੜਕਣ ਸੁਣੇ
ਪਲ ਭਰ ਤਾਂ ਰੁਕੇ

-0-

ਕਿਨਾਰੇ ਦੇ ਰੁੱਖ
ਉਹ ਪਿੱਛੇ ਛੱਡਦੀ ਜਾ ਰਹੀ ਸੀ
ਆਪਣੀ ਧੁੰਨ 'ਚ ਵਗਦੀ

ਪਤਾ ਨਹੀਂ
ਉਸਦਾ ਕੀ ਸੰਕਲਪ ਸੀ
ਕੀ ਅਰਥ ਸੀ ਕੀ ਸ਼ਬਦ ਸੀ
ਕੀ ਸ਼ਬਦ ਦਾ ਵਜੂਦ ਸੀ
ਜਿਸ ਵੱਲ ਉਹ ਸਰਪੱਟ ਦੌੜ ਰਹੀ ਸੀ
ਜਿਸ 'ਚ ਲੀਨ ਹੋਣ ਦੀ ਇੱਛਾ
ਉਸਨੂੰ ਆਪਣਾ ਆਪਾ
ਤੇ ਕਿਨਾਰੇ ਭੁੱਲਾ ਰਹੀ ਸੀ

-0-

ਨਦੀ 'ਚ ਸੂਰਜ ਚੜ੍ਹਦਾ ਤੇ ਡੁੱਬਦਾ
ਨਦੀ ਹਮੇਸ਼ਾ ਹੀ ਚੜ੍ਹੀ ਰਹਿੰਦੀ
ਕਦੀ ਨਾ ਲਹਿੰਦੀ

-0-

ਮੈਂ ਕਿਨਾਰਾ
ਆਪਣਾ ਵਜੂਦ ਨਦੀ ਦੇ
ਵਜੂਦ 'ਚ ਢਾਲਿਆ
ਨਦੀ ਦੇ ਸੰਕਲਪ 'ਚ ਉਤਾਰਿਆ
ਨਦੀ ਦੇ ਅਰਥ ਨੂੰ ਪੀਤਾ
ਨਦੀ ਦੇ ਸ਼ਬਦ ਦਾ ਵਜੂਦ ਹੋ ਗਿਆ
ਆਪਣਾ ਆਪਾ ਭੁੱਲ ਗਿਆ
ਨਦੀ ਦਾ ਸਰੂਪ ਹੋ ਗਿਆ

-0-

ਮੇਰੇ ਚੋਂ
ਇਕ ਸਹਿਰਾ ਉੱਗ ਆਇਆ
ਇਕ ਸੁੱਕਾ ਸਾਗਰ
ਮੇਰੇ 'ਚ ਉਤਰ ਆਇਆ
ਮੇਰਾ ਵਜ਼ੂਦ
ਸੜਦੀ ਰੇਤ ਨਾਲ ਭਰ ਗਿਆ
ਮੈਂ ਤੱਪਦਾ ਥਲ ਬਣ ਗਿਆ
ਜਿਸ 'ਚ ਸੂਰਜ ਭੁੱਜਦਾ ਹੈ
ਧਰਤੀ ਰਿੱਝਦੀ ਹੈ
ਅੰਬਰ ਉਬਲਦਾ ਹੈ
ਜਿਸ 'ਚ ਔੜ ਪੁੰਗਰਦੀ ਹੈ
ਹਰਿਆਵਲ ਸੁੱਕਦੀ ਹੈ
ਜ਼ਿੰਦਗੀ ਦਮ ਤੋੜਦੀ ਹੈ

-0-

ਨਦੀ ਨੇ
ਜਦ ਆਪਣੇ ਸੰਕਲਪ ਅਰਥ
ਸ਼ਬਦ ਦਾ ਵਜ਼ੂਦ ਮੇਰੇ 'ਚ ਵੇਖਿਆ
ਉਥੇ ਹੀ ਰੁਕ ਗਈ
ਸਾਰੀ ਦੀ ਸਾਰੀ ਨਦੀ
ਮੇਰੇ ਵਜ਼ੂਦ 'ਚ ਡੁੱਲ੍ਹ ਗਈ
ਮੇਰਾ ਵਜ਼ੂਦ ਹੋ ਗਈ
ਆਪਣੀ ਹੋਂਦ ਭੁੱਲ ਗਈ

---

## ਭਾਲ

ਬੜਾ ਨੀਲਾ ਸੀ
ਤੇਰੇ ਅੰਦਰ ਦਾ ਅਕਾਸ਼
ਜਿਸ ਚੋਂ
ਸੂਰਜ ਚੰਨ ਤਾਰੇ ਸਾਫ਼ ਦਿੱਸਦੇ ਸਨ
ਜੋ ਨਹੀਂ ਸੀ ਦਿੱਸਦਾ
ਉਹ ਤੂੰ ਸੈਂ
ਆਪਣੇ ਅਕਾਸ਼ ਚੋਂ ਮਨਫ਼ੀ
ਆਪਣੀ ਧਰਤ ਚੋਂ ਨੁਚੜਿਆ
ਆਪਣੀ ਸੁੱਖ ਸ਼ਾਂਤੀ ਚਾਨਣ
ਤਿਆਗ ਕੇ
ਪਤਾ ਨਹੀਂ
ਤੂੰ ਕਿਹੜੀ ਇਕੱਲਤਾ ਹੰਢਾ ਰਿਹਾ ਸੈਂ
ਕਿਹੜੀ ਚੁੱਪ ਤੇ ਉਦਾਸੀ 'ਚ
ਉਤਰ ਗਿਆ ਸੈਂ
ਕਿਹੜੀਆਂ ਉਜਾੜਾਂ ਪਤਝੜਾਂ ਜੀਅ
ਰਿਹਾਂ ਸੈਂ

-0-

ਬੜੀ ਹਰਆਉਲੀ ਸੀ
ਤੇਰੇ ਪਿੰਡੇ ਦੀ ਧਰਤੀ
ਬੜਾ ਨਿਰਮਲ ਸੀ
ਤੇਰੇ ਸਰੋਵਰ ਦਾ ਜਲ

ਬੜੀ ਠੰਡੀ ਤੇ ਮਿੱਠੀ ਸੀ
ਤੇਰੇ ਜੰਗਲ ਦੀ ਛਾਂ
ਮੌਸਮਾਂ ਰੁੱਤਾਂ ਬਹਾਰਾਂ ਨਾਲ
ਭਰਿਆ ਸੀ ਤੇਰਾ ਗੁਲਜ਼ਾਰ
ਰੁੱਖਾਂ ਦੇ ਪੱਤੇ ਪੱਤੇ ਤੇ ਸੀ
ਸੂਰਜਾਂ ਦੀ ਬਹਾਰ
ਖੇਤ ਅੰਨ੍ਹ ਦੀ ਮਹਿਕ
ਪੌਣਾਂ 'ਚ ਉਤਾਰਦੇ ਸਨ
ਚਸ਼ਮੇ ਝਰਨਿਆਂ ਦੇ ਗੀਤ
ਤੈਨੂੰ ਪੁਕਾਰਦੇ ਸਨ

-0-

ਪਰ ਤੂੰ ਕਿਤੇ ਵੀ ਨਹੀਂ ਸੈਂ
ਸ਼ਾਇਦ ਭੀੜਾਂ 'ਚ ਗੁਆਚ ਗਿਆ ਸੈਂ
ਜਾਂ ਆਪਣੀ ਜੜ੍ਹ 'ਚ
ਸਿਮਟ ਗਿਆ ਸੈਂ
ਜਾਂ ਭੂਤ ਦਾ ਭੂਤ
ਜਾਂ ਭਵਿੱਖ ਤੋਂ ਬਹੁਤ ਅੱਗੇ
ਨਿਕਲ ਗਿਆ ਸੈਂ
ਤੂੰ ਸਾਲਮ ਸਬੂਤਾ ਕਿਤੇ ਵੀ ਨਹੀਂ ਸੈਂ

-0-

ਮੈਂ ਅੰਬਰ ਦੇ ਹਰ ਤਾਰੇ 'ਚ ਹਾਂ
ਧਰਤੀ ਦੇ ਕਣ ਕਣ 'ਚ ਹਾਂ
ਸਮੁੰਦਰ ਦੀ ਹਰ ਬੂੰਦ 'ਚ ਹਾਂ
ਸਹਿਰਾ ਦੇ ਰੇਤ ਦੇ ਜ਼ਰਿਆਂ 'ਚ
ਮੌਜੂਦ ਹਾਂ

ਪੱਤੇ ਪੱਤੇ ਹਰ ਕਲੀ
ਹਰ ਫੁੱਲ 'ਚ ਮੇਰਾ ਵਸੇਰਾ ਹੈ
ਚੁੱਪ ਉਦਾਸੀ ਇਕਾਂਤ
ਉਜਾੜ ਮੇਰਾ ਬਦਨ ਹੈ
ਖੁਸ਼ੀਆਂ ਰੌਣਕਾਂ ਬਹਾਰਾਂ
ਮੇਰੀ ਤਾਸੀਰ ਹੈ ਮੇਰੇ ਬੋਲ ਹਨ
ਮੇਰੀ ਜ਼ਾਮੀਰ ਹੈ

-0-

ਮੈਂ ਆਪਣੇ ਆਪ 'ਚ
ਕਾਇਨਾਤ ਦੇ ਹਰ ਪਲ ਹਰ ਛਿਣ
ਹਰ ਕਤਰੇ 'ਚ
ਤਕਸੀਮਿਆਂ ਗਿਆ ਹਾਂ
ਮੈਂ ਆਪਣੀ ਇਕਾਈ ਤੋਂ
ਆਪਣੀ ਸਰਬ ਵਿਆਪਕਤਾ 'ਚ
ਉਤਰ ਆਇਆ ਹਾਂ
ਦੁਨੀਆਂ ਦੀ ਹਰ ਵਸਤੂ 'ਚ
ਮੇਰਾ ਚਿਹਰਾ ਹੈ ਮੇਰਾ ਪ੍ਰਕਾਸ਼ ਹੈ

-0-

ਮੈਂ ਆਪਣੇ ਆਪ 'ਚ ਇਕੱਲਾ ਸਾਂ
ਉਦਾਸ ਸਾਂ
ਚੁੱਪ ਸਾਂ ਬੇਆਸ ਸਾਂ
ਆਪਣਾ ਇਕੱਲਾਪਣ ਆਪਣੀ ਚੁੱਪ
ਆਪਣੀ ਉਦਾਸੀ ਦੂਰ ਕਰਨ ਲਈ
ਮੈਂ ਹਰ ਸ਼ੈਅ 'ਚ ਵਸ ਗਿਆ ਹਾਂ

ਹਰ ਸ਼ੈਅ ਦੀ ਰੌਣਕ ਖ਼ੁਸ਼ੀ
ਜੀਅ ਰਿਹਾ ਹਾਂ
ਮੈਂ ਆਪਣੀ ਇਕੱਲਤਾ ਚੁੱਪ
ਉਦਾਸੀ
ਆਪਣੇ ਚੋਂ ਨਿਚੋੜ ਕੇ
ਆਪਣੀ ਸਿਰਜਣਾ ਦੇ ਰੌਣਕੀ
ਤੇ ਖ਼ੁਸ਼ਹਾਲ ਬਦਨ 'ਚ ਵਸ ਗਿਆ ਹਾਂ

–0–

ਮੈਂ ਆਪਣੀ ਹਰਿਆਵਲ ਦੀ
ਸੱਚ ਸੁੰਦਰਤਾ ਤੇ ਕਲਿਆਣ 'ਚ
ਸਮਾਇਆ ਹਾਂ
ਮੇਰਾ ਸਾਲਮ ਵਜ਼ੂਦ
ਧਰਤੀਆਂ ਅੰਬਰਾਂ ਬੀਆਬਾਨਾਂ
ਜੰਗਲਾਂ ਪਹਾੜਾਂ 'ਚ ਵੀ ਹੈ
ਤੇਰੀ ਨਜ਼ਰ 'ਚ ਵਿਛੀਆਂ ਰਾਹਾਂ 'ਚ
ਵੀ ਹੈ
ਆਪਣੀ ਨਜ਼ਰ ਆਪਣੇ 'ਚ ਉਤਾਰ
ਮੈਂ ਤੈਨੂੰ ਨਜ਼ਰ ਆਵਾਂਗਾ
ਤੇਰਾ ਸਰੂਪ ਕਹਾਵਾਂਗਾ
ਮੈਂ ਤਕਸੀਮਿਆ ਹੋਇਆ ਵੀ
ਸੰਸਾਰੀ ਵਸਤੂਆਂ ਦੇ ਰੂਪ 'ਚ
ਸਾਲਮ ਸਬੂਤਾ ਨਜ਼ਰ ਆਵਾਂਗਾ

---

## ਤੇਰਾ ਆਉਣਾ

ਤੇਰੇ ਆਗਮਨ ਤੇ
ਮਾਰੂਥਲ ਬਹਾਰ ਹੋ ਗਏ
ਖਾਰਾਂ ਚੋਂ ਉੱਗੀਆਂ ਢਾਲਾਂ
ਫੁੱਲ ਤਲਵਾਰ ਹੋ ਗਏ
ਤੂੰ ਕੋਈ ਵਿਜੈ ਸ਼ਕੱਸਤ
ਯੁੱਧ ਜਾਂ ਅਮਨ ਹੈਂ
ਜਾਂ ਖੰਡਰਾਂ ਦੇ ਲਹੂ 'ਚ
ਤੁਰਦਾ ਚਮਨ ਹੈਂ

-0-

ਤੇਰੇ ਆਗਮਨ ਤੇ
ਪੱਥਰਾਂ ਨੇ ਫੁੱਲਾਂ ਨੂੰ
ਬੂੰਦਾਂ ਨੇ ਸਾਗਰਾਂ ਨੂੰ ਜਨਮਿਆਂ
ਜ਼ਰਿਆਂ ਨੇ ਸਹਿਰਾ ਨੂੰ
ਅੱਗਣ ਨੇ ਬੱਦਲਾਂ ਨੂੰ ਜਨਮਿਆਂ
ਚੁੱਪ ਦੇ ਆਂਗਣ 'ਚ
ਕਾਫ਼ਲਾ ਬੋਲਾਂ ਦਾ ਉਤਰਿਆ
ਕਾਲਖ਼ਾਂ ਨੇ ਆਪਣੇ ਨੈਣੀਂ
ਪੀਠ ਸੂਰਜਾਂ ਨੂੰ ਪਾ ਲਿਆ

-0-

ਤੇਰੇ ਆਗਮਨ ਤੇ
ਕਬਰਾਂ ਚੋਂ ਜ਼ਿੰਦਗੀ ਦਾ ਰਾਗ
ਸੁਣਦਾ ਹੈ
ਗਲੀਆਂ ਸੜਕਾਂ ਚੌਕਾਂ ਚੌਰਾਹਿਆਂ 'ਚ
ਨੂਰ ਤੁਰਦਾ ਹੈ

ਥੇਹ ਮਲਿਹਾਰ ਗਾਉਂਦੇ ਹਨ
ਭਵਰੇ ਕਲੀਆਂ ਨੂੰ
ਮਹਿਕਾਂ ਦਾ ਅਰਘਾ ਚੜ੍ਹਾਉਂਦੇ ਹਨ
ਕਾਲੀਆਂ ਬੱਦਲੀਆਂ
ਅੰਬਰੀਂ ਤਰਦੀਆਂ ਹਨ
ਅੰਨ੍ਹ ਦੇ ਪਿਆਸੇ ਖੇਤਾਂ ਤੇ ਵਰ੍ਹਦੀਆਂ ਹਨ
ਕੋਇਲ ਦੇ ਕੰਠ ਨੇ ਬ੍ਰਿਹਾ ਦਾ
ਗੀਤ ਗਾਇਆ ਹੈ
ਪ੍ਰੀਤਮ ਕੋਇਲ ਦੇ ਅੱਥਰੂਆਂ 'ਚ
ਉਤਰ ਆਇਆ ਹੈ

-0-

ਮੌਸਮ ਬਹਾਰਾਂ ਦੀ ਨਦੀ ਦੇ
ਪਿੰਡੇ ਨਹਾਉਂਦੇ ਹਨ
ਰੁੱਤਾਂ ਖ਼ੁਸ਼ਬੂਆਂ ਤੇ ਕਲੀਆਂ ਦੇ ਗੀਤ
ਰੁੱਖਾਂ ਨੂੰ ਸੁਣਾਉਂਦੇ ਹਨ
ਗੁਲਸ਼ਨ ਰੰਗਾਂ ਦੀ ਹੋਲੀ
ਖੇਡਦਾ ਰੰਗ ਹੋਇਆ ਹੈ
ਨੱਚ ਨੱਚ ਕੇ ਪੌਣਾਂ ਨੇ ਪਸੀਨੇ ਚ
ਆਪਣਾ ਮੁੱਖ ਧੋਇਆ ਹੈ
ਧਰਤੀ ਬਹਾਰ ਹੋਈ ਹੈ
ਅੰਬਰ ਧਰਤ ਦੇ ਸੰਗ ਹੋਇਆ ਹੈ

-0-

ਤੇਰੇ ਆਗਮਨ ਤੇ
ਹਰ ਚਿਹਰੇ ਤੇ ਇਕ ਜੋਤ ਜਗਦੀ ਹੈ
ਨੂਰ ਦੀ ਨਦੀ
ਪੱਥਰਾਂ ਦੇ ਪਿੰਡੇ ਚੋਂ ਵਗਦੀ ਹੈ

ਹਾਸਿਆਂ ਦੇ ਚਸ਼ਮੇਂ
ਤੇ ਝਰਨੇ ਵਗਦੇ ਹਨ
ਧਰਤੀ ਚੋਂ ਉੱਗਣ ਲਈ
ਤਾਰੇ ਅੰਬਰੋਂ ਟੁੱਟਦੇ ਹਨ
ਮਨੁੱਖਤਾ ਦਾ ਚਿਹਰਾ ਗੁਲਾਬ
ਹੋਇਆ ਹੈ
ਚਿੱਟੇ ਦੁੱਧ ਚਾਨਣ ਜਿਹਾ ਰੱਬ
ਵਿਸ਼ਵ ਦੇ ਦਰ ਆ ਖਲੋਇਆ ਹੈ

-0-

ਮੈਂ ਸਮਝ ਨਹੀਂ ਸਕਿਆ
ਤੂੰ ਕੀ ਹੈਂ
ਸਿਰਜਕ ਹੈਂ ਜਾਂ ਸਿਰਜਣਾ ਹੈਂ
ਦਿਸਹੱਦੇ ਦਾ ਸੱਚ
ਧਰਤੀ ਤੇ ਅੰਬਰ ਦਾ ਮੇਲ ਹੈਂ
ਤੂੰ ਅੰਬਰ ਤੋਂ ਨੂਰ ਦਾ ਝਰਨਾ ਹੈਂ
ਕਿ ਹਵਾ ਦਾ ਸਾਗਰ ਤੇ ਤਰਨਾ ਹੈਂ
ਬੰਸਰੀ 'ਚ ਹਵਾ ਦਾ ਉਤਰਨਾ
ਤੇ ਨਿਕਲਣਾ ਹੈ
ਤੂੰ ਚੰਨਾਂ ਤਾਰਿਆਂ ਦੀ ਅੱਖ ਹੈਂ
ਜਾਂ ਧਰਤ ਦੀ ਸੁਗੰਧ ਹੈਂ
ਤੂੰ ਅੰਬਰ ਦਾ ਬੋਲ ਹੈਂ
ਦੁਨੀਆਂ ਦੇ ਸ਼ੋਰ ਵਿਚ ਵੀ
ਤੂੰ ਮੇਰੇ ਕੋਲ ਹੈਂ
ਤੂੰ ਚੁੱਪ ਦਾ ਵਜ਼ੂਦ ਹੈਂ
ਕਿ ਕੋਈ ਰੱਬੀ ਬੋਲ ਹੈਂ

---

## ਮੀਲ ਪੱਥਰ

ਮੈਂ ਇੰਜ ਮੋਹਿਆ ਗਿਆ
ਉਹਦੀ ਇਕ ਝਲਕ ਤੇ
ਉਠਿਆ ਧਰਤ ਤੋਂ
ਜਾ ਬੈਠਾ ਫ਼ਲਕ ਤੇ
ਤੱਪਿਆ ਹਾਂ ਉਹਦੀ ਤਾਂਘ 'ਚ
ਰਿੱਝਿਆ ਹਾਂ
ਉਹਦੀ ਦੀਦ ਦੇ ਉਬਾਲਾਂ 'ਚ
ਕੋਈ ਮੇਰੇ ਮਸਤਕ ਚੋਂ ਉਤਰਿਆ
ਆ ਅੱਖ਼ੀਆਂ
ਸਾਵੇਂ ਖਲੋ ਗਿਆ
ਵਿਖਾ ਕੇ ਝਲਕ ਆਪਣੇ ਨੂਰ ਦੀ
ਅੱਖੀਆਂ ਤੋਂ ਓਝਲ ਹੋ ਗਿਆ

-0-

ਵੇਖਦਾ ਹਾਂ
ਉਹ ਅੱਗੇ ਤੁਰਦਾ ਜਾ ਰਿਹਾ ਹੈ
ਉਸਦੀ ਕੰਡ ਹੈ ਚਿਹਰਾ ਨਹੀਂ
ਪਿੱਛਾ ਦੂਰ ਰਹਿ ਗਿਆ ਹੈ
ਪਿੱਛੇ ਹੁਣ ਕੋਈ ਵੀ ਮੇਰਾ ਨਹੀਂ
ਘਰ ਨੂੰ ਪਰਤਣ ਲਈ
ਹੁਣ ਪੈਰ ਨਹੀਂ ਮੁੜਦੇ
ਨੈਣ ਤਰਸਦੇ ਹਨ
ਉਸਦੇ ਦੀਦਾਰ ਲਈ
ਪਰ ਉਹਦੀ ਮਿਹਰ ਦੇ ਸਬੱਬ
ਨਹੀਂ ਜੁੜਦੇ

-0-

ਉਹ ਮੈਨੂੰ ਪਿੱਛੇ ਲਾ
ਅੱਗੇ ਤੁਰਦਾ ਜਾ ਰਿਹਾ ਹੈ
ਮੈਂ ਉਸਦਾ ਪਿੱਛਾ ਕਰਦਾ
ਆਪਣੇ ਆਪ ਤੋਂ ਦੂਰ ਹੁੰਦਾ ਜਾ ਰਿਹਾ ਹਾਂ
ਆਪਣੇ ਆਪ ਨੂੰ ਕੱਤ ਰਿਹਾ ਹਾਂ
ਆਪਣਾ ਆਪਾ
ਪੀਸ ਰਿਹਾ ਹਾਂ
ਆਪਣਾ ਆਪਾ ਖਾ ਰਿਹਾ ਹਾਂ
ਉਹਦੇ ਹਿਜ਼ਰ 'ਚ ਸੁੱਕਦਾ ਜਾ ਰਿਹਾ ਹਾਂ
ਉਹਦੀ ਝਲਕ ਵੇਖਣ ਲਈ ਮੁੱਕਦਾ ਜਾ ਰਿਹਾ ਹਾਂ
ਮੈਂ ਪਾਣੀ ਤੋਂ ਪਤਲਾ ਹੁੰਦਾ ਜਾ ਰਿਹਾ ਹਾਂ

-0-

ਉਹ ਏਨਾ ਦੂਰ ਨਿਕਲ ਗਿਆ
ਕਿ ਦਿੱਸਣੋਂ ਵੀ ਹਟ ਗਿਆ
ਮੈਨੂੰ ਤੋਰ ਕੇ ਪਿੱਛੇ
ਅੱਧ ਵਿਚ ਹੀ ਛੱਡ ਗਿਆ
ਮੈਂ ਸੋਚਿਆ
ਮੇਰੇ ਲਈ ਚੰਗਾ ਹੈ
ਕਿ ਮੈਂ ਮੀਲ ਪੱਥਰ ਵਾਂਗ
ਇਥੇ ਹੀ ਗੱਡਿਆ ਰਹਾਂ
ਆਉਂਦੇ ਜਾਂਦੇ ਰਾਹੀ ਨੂੰ ਦੱਸਦਾ ਰਹਾਂ
ਅੱਗੇ ਕੋਈ ਨਹੀਂ
ਕੰਡ ਦੇ ਕੇ ਖੜ੍ਹਾ ਇਕ ਜੰਗਲ ਹੈ
ਕਬਰਾਂ ਦੀ ਅਬਾਦੀ ਹੈ
ਚੁੱਪ ਦੇ ਸਾਏ ਨੇ
ਇਕ ਮੌਤ ਆਪਣੀ ਹੈ
ਬਾਕੀ ਸਭ ਪਰਾਏ ਨੇ

-0-

ਅਗੇ ਜਾ ਰਹੇ
ਨੂਰ ਨੇ ਜਦ ਸੁਣਿਆਂ
ਆਪਣੀ ਕੰਡ ਮੋੜੀ
ਤੇ ਮੁੱਖ ਮੇਰੇ ਵੱਲ ਘੁੰਮਾ ਲਿਆ
ਜੋ ਨਜ਼ਰ ਤੋਂ ਦੂਰ ਸੀ
ਪਲ 'ਚ ਪਲਕਾਂ 'ਚ ਆ ਗਿਆ
ਬਾਹਾਂ ਖੋਲ੍ਹੀਆਂ ਤੇ ਬੋਲਿਆ
ਤੇਰਾ ਸੱਚ ਤੈਨੂੰ ਪੁਕਾਰਦਾ ਹੈ
ਤੇਰੀ ਦੇਹ ਦਾ ਝੂਠਾ ਭਰਮ
ਤੇਰੇ ਤੋਂ ਉਤਾਰਦਾ ਹੈ
ਤੂੰ ਜੋ ਕੁੱਝ ਵੀ ਜੀਅ ਰਿਹਾਂ ਹੈਂ
ਤੂੰ ਜਿੱਥੇ ਵੀ ਵਿਚਰ ਰਿਹਾਂ ਹੈਂ
ਸਭ ਝੂਠ ਦਾ ਪਸਾਰਾ ਹੈ
ਇਥੇ ਕੋਈ ਨਹੀਂ ਤੇਰਾ
ਤੇਰਾ ਤੇ ਦਮ ਵੀ ਉਧਾਰਾ ਹੈ

-0-

ਮੈਂ ਤੈਨੂੰ ਜੀਂਦੇ ਜੀਅ
ਤੇਰਾ ਸੱਚ ਵਿਖਾਉਣਾ ਚਾਹੁੰਦਾ ਹਾਂ
ਤੇਰੇ ਸੱਚ ਦੀ ਜੋਤ
ਤੇਰੇ 'ਚ ਜਗਾਉਣਾ ਚਾਹੁੰਦਾ ਹਾਂ
ਕਿ ਤੂੰ ਇਸ ਜੱਗਤ 'ਚ ਜਿਉਂਦੇ ਜੀਅ
ਆਪਣਾ ਸੱਚ ਜਗਾ ਕੇ ਰੱਖੇਂ
ਇਸ ਸੱਚ ਦੀ ਖ਼ਾਤਿਰ
ਆਪਣਾ ਸਿਰ ਤਲੀ ਤੇ ਟਿੱਕਾ ਕੇ ਰੱਖੇਂ
ਇਸ ਝੂਠੇ ਸਿਰ ਦੇ ਬਦਲੇ
ਇਹ ਸੱਚ ਸਸਤਾ ਹੈ

ਜੋ ਤੇਰੇ 'ਚ ਵਸਦਾ ਹੈ
ਮੌਤ ਜਿਸਮ ਦਾ ਸੱਚ ਹੈ
ਇਹ ਸੱਚ
ਆਉਣ ਤੋਂ ਪਹਿਲਾਂ ਦਾ ਹੈ
ਜਾਣ ਤੋਂ ਪਿਛੋਂ ਦਾ ਹੈ

-0-

ਮੈਂ ਸੁਣਿਆ ਨੂਰੀ ਮੁਜੱਸਮੇ ਨੂੰ
ਤੇ ਹੋਸ਼ ਖੋਹ ਗਿਆ
ਮੈਂ ਦਸ ਨਹੀਂ ਸਕਦਾ
ਉਹ ਕੌਣ ਸੀ ਉਹ ਕੀ ਸੀ
ਉਹ ਬਣਕੇ ਨੂਰ
ਮੇਰੀ ਦੇਹ ਚੋਂ ਗੁਜ਼ਰਿਆ
ਮੇਰਾ ਰੋਮ ਰੋਮ ਰੌਸ਼ਨ ਕਰ ਗਿਆ
ਕਰੋੜਾਂ ਸੂਰਜਾਂ ਦੇ ਕਾਫ਼ਲੇ
ਮੇਰੀ ਦੇਹ 'ਚ ਧਰ ਗਿਆ

-0-

ਉਸ ਦੇ ਸੱਚ ਦਾ
ਮੈਂ ਸਦਾ ਲਈ ਹੋ ਗਿਆ
ਭੁੱਲ ਕੇ ਸਭ ਕੁੱਝ ਮੈਂ
ਉਹਦੇ 'ਚ ਖੋਹ ਗਿਆ
ਉਹ ਮੇਰੇ ਪ੍ਰਾਣਾਂ ਦਾ ਪ੍ਰਾਣ ਹੋ ਗਿਆ
ਮੈਂ ਕਿਸੇ ਦਾ ਵੀ ਨਾ ਰਿਹਾ
ਉਹ ਮੇਰਾ ਹੋ ਗਿਆ

---

## ਰੇਸ਼ਿਆਂ ਦੇ ਧਾਗੇ

ਤੂੰ ਮੇਰੇ ਸ਼ਬਦਾਂ ਨੂੰ
ਜਿਸਮੀਂ ਰੇਸ਼ਿਆਂ ਦੇ ਧਾਗਿਆਂ
ਨਾਲ ਬੁਣਦੀ ਰਹੀ
ਅਰਥ ਭਾਲਦੀ ਰਹੀ
ਸੰਕਲਪ ਸਿਰਜਦੀ ਰਹੀ
ਮੇਰੇ ਸਾਹਾਂ 'ਚ ਉਤਰਦੀ ਰਹੀ
ਪੌਣ ਬਣਕੇ ਵਗਦੀ ਰਹੀ
ਮੈਨੂੰ ਭਾਲਦੀ ਰਹੀ

-0-

ਮੈਂ ਸਮੁੰਦਰ 'ਚ ਗੁਆਚੀ
ਬੂੰਦ ਸਾਂ
ਵਰ੍ਹ ਗਏ ਬੱਦਲਾਂ ਦੀਆਂ
ਕਣੀਆਂ ਸਾਂ
ਡੁੱਬ ਗਏ ਸੂਰਜਾਂ ਦੀਆਂ
ਕਿਰਨਾਂ ਸਾਂ
ਹਿਰਨਾਂ ਦੀਆਂ ਡਾਰਾਂ ਦੀ
ਗਤੀ ਸਾਂ
ਮੱਛਲੀ ਦੀ ਅੱਖ 'ਚ ਸਾਂ
ਬਾਜ ਦੇ ਪ੍ਰਵਾਜ਼ 'ਚ ਸਾਂ
ਚੁੱਪ ਦੀ ਅਵਾਜ਼ 'ਚ ਸਾਂ
ਸ਼ਬਦ ਦੇ ਅਕਾਸ਼ 'ਚ ਸਾਂ

-0-

ਅੱਗੇ ਤੋਂ
ਜਦ ਵੀ ਤੂੰ ਮੈਨੂੰ ਭਾਲੇਂ
ਆਪਣੇ ਤੋਂ ਦੇਹ ਉਤਾਰ ਕੇ ਆਵੀਂ
ਕਿਉਂਕਿ ਮੈਂ
ਦੇਹ ਰਹਿਤ ਸ਼ਬਦ ਹਾਂ ਅਰਥ ਹਾਂ
ਸੰਕਲਪ ਹਾਂ

-0-

ਜਦ ਤੂੰ ਦੇਹ ਰਹਿਤ ਹੋ ਜ਼ਾਵੇਂਗੀ
ਮੇਰਾ ਸ਼ਬਦ ਬੋਲੇਂਗੀ
ਮੇਰਾ ਅਰਥ ਜੀਵੇਂਗੀ
ਮੇਰਾ ਸੰਕਲਪ ਹੰਢਾਵੇਂਗੀ
ਤੂੰ ਆਪਣੇ ਹੀ ਨੂਰ 'ਚ
ਮੇਰਾ ਨੂਰ ਪਾਵੇਂਗੀ

-0-

ਜਦ ਦੇਹ ਰਹਿਤ ਤੇਰੀ ਬੂੰਦ
ਮੇਰੇ ਸਾਗਰ 'ਚ ਰਲੇਂਗੀ
ਮੇਰਾ ਹੀ ਜਿਸਮ ਤਰੇਂਗੀ
ਆਪਣੀ ਹੋਂਦ ਖੋਹ ਜਾਏਂਗੀ
ਮੇਰੀ ਹੋਂਦ ਹੋ ਜਾਏਂਗੀ
ਮੈਂ ਤੇਰੇ ਚੋਂ ਪ੍ਰਗਟ ਹੋ ਜਾਵਾਂਗਾ
ਤੇਰਾ ਸ਼ਬਦ ਅਰਥ ਤੇ ਸੰਕਲਪ
ਕਹਾਵਾਂਗਾ

---

## ਸੜਕ ਦਾ ਜਾਇਆ

ਉਹ
ਸ਼ਹਿਰ ਦਾ ਵਾਕਿਫ਼ ਨਹੀਂ
ਸ਼ਹਿਰ ਦੀਆਂ ਸੜਕਾਂ
ਗਲੀਆਂ ਮੁਹੱਲਿਆਂ ਨੂੰ
ਕਦੀ ਨਹੀਂ ਮਿਲਿਆ
ਫਿਰ ਵੀ ਉਹ
ਸ਼ਹਿਰ ਦੇ ਹਰ ਅੰਗ ਤੇ ਨਖ਼ਸ਼ ਨੂੰ
ਪਹਿਚਾਣਦਾ ਹੈ
ਸ਼ਹਿਰ ਦੀ ਸ਼ਕਲੋਂ ਸੂਰਤ ਜਾਣਦਾ ਹੈ
ਉਹ ਸ਼ਹਿਰ ਤੋਂ ਅਲੱਗ ਰਿਹਾ ਹੈ
ਲੋਕਾਂ ਵਿਚ ਵਿਚਰਦਾ ਵੀ
ਲੋਕਾਂ ਤੋਂ ਵੱਖ ਰਿਹਾ ਹੈ
ਨਾ ਉਹ ਸ਼ਹਿਰ ਦੀ ਆਬੋ ਹਵਾ ਹੀ
ਤਰਿਆ
ਨਾ ਉਹ ਸ਼ਹਿਰ ਦੀਆਂ ਗਿਰਜਾਂ
ਲਈ ਕਦੀ ਮਾਸ ਦਾ ਟੁੱਕੜਾ ਹੀ ਬਣਿਆ

-0-

ਉਹ ਸ਼ਹਿਰ ਦੇ ਹਵਾਲੇ
ਆਪਣੀ ਜਨਮ ਭੂਮੀ ਦੇ ਖੰਡਰ
ਕਰ ਆਇਆ ਹੈ
ਸ਼ਹਿਰ ਦੀਆਂ ਜਾਦੂਗਰਨੀਆਂ ਅੱਖ਼ਾਂ
ਤੇ ਸਪੇਰੇ ਲੋਕ

ਜੋ ਜ਼ਹਿਰ ਪੀਂਦੇ ਜ਼ਹਿਰ ਖਾਂਦੇ
ਤੇ ਵੰਡਦੇ
ਉਨ੍ਹਾਂ ਨੂੰ ਆਪਣੇ ਚੋਂ ਨਿਚੋੜ
ਸ਼ਹਿਰ ਨੂੰ
ਸਦਾ ਲਈ ਅਲਵਿਦਾ
ਕਹਿ ਆਇਆ ਹੈ

-0-

ਉਸਨੂੰ ਮੰਦਰਾਂ ਦੇ ਮੰਤਰਾਂ
ਨੇ ਡੰਗਿਆ
ਮਸਜਿਦ ਦੀਆਂ ਨਿਮਾਜ਼ਾਂ ਨੇ ਮਾਰਿਆ
ਉਸਦੇ ਨਿਰਮਲ ਸਰਵਰ 'ਚ
ਜ਼ਹਿਰ ਉਤਾਰਿਆ
ਲੋਕਾਂ ਦੀ ਨਫ਼ਰਤ 'ਚ ਉਹ
ਪੀਸਿਆ ਗਿਆ
ਸਮਾਜਕ ਰਸਮਾਂ ਰੀਤਾਂ ਨੇ
ਉਸਦਾ ਵਜ਼ੂਦ ਖਾ ਲਿਆ
ਉਸਦੀ ਮੁਹੱਬਤ ਦਾ
ਸ਼ਹਿਰ ਨੇ ਮੁੱਲ ਵੱਟਿਆ
ਸ਼ਹਿਰ ਦੇ ਕੀੜਿਆਂ ਨੇ
ਉਸਦੇ ਜਿਸਮ ਦਾ ਲਹੂ ਚੱਟਿਆ

-0-

ਬਿਨਾਂ ਮਾਂ ਬਾਪ ਦੀ ਔਲਾਦ ਸੰਗ
ਸ਼ਹਿਰ ਉਸਨੂੰ ਸੰਬੋਧਨ ਹੁੰਦਾ ਰਿਹਾ
ਕਿਉਂਕਿ ਉਹ ਸੜਕ ਤੇ ਜੰਮਿਆਂ ਤੇ
ਜੁਆਨ ਹੋਇਆ ਸੀ

ਮਨੁੱਖ ਦੀ ਨਹੀਂ
ਸੜਕ ਦੀ ਔਲਾਦ ਕਹਾਇਆ ਸੀ
ਸੜਕ ਹੀ ਉਸਦੀ ਪਹਿਚਾਣ ਸੀ
ਨੁਹਾਰ ਸੀ ਸਿਆਣ ਸੀ
ਸੜਕ ਦਾ ਸੱਚ ਉਸਦਾ ਸੱਚ ਸੀ
ਲੋਕਾਂ ਦੇ ਬੂਟਾਂ ਹੇਠ
ਉਸਦੀ ਜ਼ਿੰਦਗੀ ਦਾ ਸਫ਼ਰ ਸੀ
ਲੋਕ ਉਸਨੂੰ ਗਾਲੀ ਦੇ ਨਾਮ ਨਾਲ
ਪੁਕਾਰਦੇ ਸਨ
ਸ਼ਹਿਰ ਦੇ ਮੱਥੇ ਦਾ ਕਲੰਕ
ਸਮਝਦੇ ਸਨ
ਸ਼ਹਿਰ ਦਾ ਕੂੜਾ ਕਰਕਟ
ਉਸਦੇ ਪੇਟ 'ਚ ਉਤਾਰਦੇ ਸਨ

-0-

ਸ਼ਹਿਰ 'ਚ ਅੱਜ ਵੀ ਉਨ੍ਹਾਂ ਲੋਕਾਂ
ਦੇ ਬੁੱਤ
ਚੌਕਾਂ 'ਚ ਲੱਗੇ ਸਨ
ਜਿਨ੍ਹਾਂ ਦੇ ਵੀਰਯ ਤੇ ਕੁੱਖ ਦਾ
ਵਜ਼ੂਦ ਸੀ ਉਹ
ਜਿਨ੍ਹਾਂ ਦੇ ਲਹੂ ਤੇ ਸਾਹਾਂ 'ਚ
ਮੌਜ਼ੂਦ ਸੀ ਉਹ
ਇਹ ਸਮਾਜ ਸੁਧਾਰਕ ਕਲਿਆਣਕਾਰੀ
ਆਦਰਸ਼ਕ ਲੋਕ ਸਨ
ਜੋ ਸੜਕ ਨੇ ਆਪ ਵੇਖੇ ਸਨ
ਇਸ ਗੁਨਾਹ ਨੂੰ ਜਨਮਦੇ

ਇਹ ਆਪਣਾ ਚਿਹਰਾ
ਦੁਨੀਆਂ ਤੋਂ ਛੁਪਾ ਸਕਦੇ ਸਨ
ਪਰ ਸੜਕ ਦੇ ਦਰਪਣ ਤੋਂ
ਆਪਣਾ ਅਕਸ ਮਿੱਟਾ ਨਹੀਂ ਸਨ ਸਕਦੇ

-0-

ਸੜਕ ਹਰ ਆਉਂਦੇ ਜਾਂਦੇ ਰਾਹੀ ਨੂੰ
ਇਸ ਗੁਨਾਹ ਦਾ ਸੱਚ ਦੱਸਦੀ ਹੈ
ਸੜਕ ਜੋ ਲੋਕਾਂ ਦੇ ਪੈਰਾਂ 'ਚ ਵਸਦੀ ਹੈ
ਪੈਰਾਂ ਨੂੰ ਕੰਨ ਨਹੀਂ ਹੁੰਦੇ
ਜੋ ਸੜਕ ਦੀ ਹਾਹਾਕਾਰ ਸੁਣ ਸਕਣ
ਸੜਕ ਦੀ ਹਿੱਕ 'ਚ ਜਿਉਂਦੇ
ਹਾਦਸਿਆਂ ਦੀ ਪੁਕਾਰ ਸੁਣ ਸਕਣ

-0-

ਸੜਕ ਤੁਰ ਨਹੀਂ ਸਕਦੀ
ਜੋ ਸ਼ਹਿਰ ਛੱਡ ਕੇ ਤੁਰ ਗਿਆ
ਉਸਦੇ ਪਿੱਛੇ ਨੱਸ ਨਹੀਂ ਸਕਦੀ
ਆਪਣੀ ਹਿੱਕ ਤੇ ਲੱਗੇ
ਉਸਦੇ ਪੈਰਾਂ ਦੇ ਨਿਸ਼ਾਨ
ਜਦ ਸੜਕ ਨੂੰ ਯਾਦ ਆਉਂਦੇ ਹਨ
ਸੜਕ ਕੁਰਲਾ ਉੱਠਦੀ ਹੈ
ਸੜਕ ਦੇ ਕਿਨਾਰੇ ਅੱਥਰੂ ਵਹਾਉਂਦੇ ਹਨ
ਸ਼ਹਿਰ ਛੱਡ ਕੇ ਤੁਰ ਗਿਆ ਹੈ ਜੋ
ਉਸਨੂੰ ਬੁਲਾਉਂਦੇ ਹਨ
ਉਸਨੂੰ ਬੁਲਾਉਂਦੇ ਹਨ

---

## ਭੀੜ

ਭੀੜ ਚੋਂ ਹੀ
ਮੈਂ ਸਿੱਖਿਆ ਹੈ ਅਲੱਗ ਹੋਣਾ
ਆਪਣਾ ਅੰਬਰ ਸਿਰਜਣਾ
ਆਪਣੀ ਧਰਤੀ ਤੇ ਤੁਰਨਾ
ਭੀੜ ਦੇ ਪੈਰਾਂ ਚੋਂ
ਆਪਣੇ ਪੈਰਾਂ ਤੇ ਵੱਖ ਹੋਣਾ

–0–

ਮੈਂ ਭੀੜ 'ਚ ਉਤਰਿਆ
ਭੀੜ ਮੇਰੇ 'ਚ ਉਤਰੀ
ਮੈਂ ਭੇਡਾਂ 'ਚ ਰਲ ਗਿਆ
ਸਿਰ ਸਥੂਲ ਹੋ ਗਿਆ
ਸੂਝ ਪੈਰਾਂ 'ਚ ਉਤਰ ਆਈ
ਮੈਂ ਆਪਣੀ ਪਹਿਚਾਣ ਗੁਆ ਬੈਠਾ
ਭੀੜ ਦੀ ਪਹਿਚਾਣ ਹੋ ਗਿਆ

–0–

ਮੈਂ ਸਾਇਆਂ ਵਾਂਗ ਕੰਧਾਂ ਤੇ
ਤੁਰਦਾ ਫਿਰਦਾ ਨਜ਼ਰ ਆਉਂਦਾ ਹਾਂ
ਮੇਰਾ ਸੱਚ ਮੇਰੇ ਤੋਂ ਦੂਰ ਹੈ
ਮੈਂ ਸੱਚ ਦਾ ਭਰਮ ਜਿਉਂਦਾ ਹਾਂ
ਕਾਲੇ ਅੱਖਰਾਂ ਦਾ ਚਿੱਟਾ ਗਿਆਨ
ਮੈਨੂੰ ਹਨ੍ਹੇਰਾ ਲੱਗਦਾ ਹੈ
ਮੈਂ ਭੀੜ ਦੇ ਹਰ ਚਿਹਰੇ ਦਾ ਦਿਸ਼ਾਹੀਣ
ਸੱਚ ਹੰਢਾਉਂਦਾ ਹਾਂ
ਸਿਰ ਦਾ ਫੱਟਿਆ ਅੰਬਰ
ਮੂਰਖਤਾ ਸੰਗ ਸਿਊਂਦਾ ਹਾਂ

ਧਰਤੀ ਨਕਸ਼ੇ ਤੇ ਵਹਾਉਂਦਾ ਹਾਂ
ਮੈਂ ਭੀੜ ਦਾ ਹਿੱਸਾ
ਦਫ਼ਤਰੀ ਫਾਇਲਾਂ 'ਚ
ਕਾਗਜ਼ਾਂ ਤੇ ਕਣਕ ਉੱਗਾਉਂਦਾ ਹਾਂ
ਜਿੱਧਰ ਨੂੰ ਭੀੜ ਤੁਰਦੀ ਹੈ
ਮੈਂ ਉਧਰ ਹੀ ਜਾਂਦਾ ਹਾਂ

-0-

ਭੀੜ ਦੇ ਵਜੂਦ 'ਚ ਮੇਰੀ
ਸਿਰਜਕ ਤੇ ਚੇਤਨ ਸ਼ਕਤੀ
ਪੱਥਰਾ ਗਈ ਹੈ
ਭੀੜ ਦੇ ਸ਼ੋਰ 'ਚ ਮੇਰੀ ਚੁੱਪ ਦਾ
ਲਹਿਜ਼ਾ ਗੁਆਚ ਗਿਆ ਹੈ
ਸਾਰੀ ਦੀ ਸਾਰੀ ਭੀੜ
ਸਾਰੀ ਦੀ ਸਾਰੀ ਭੀੜ ਦੀ ਰਹਿਨੁਮਾਈ
ਕਰਦੀ ਹੈ
ਇਸ ਭੀੜ ਦੇ ਵਜੂਦ 'ਚ
ਮੇਰੇ ਪਿੰਡੇ ਦੇ ਰੁੱਖ ਚੋਂ ਕੁੱਝ ਨਹੀਂ ਪੁੰਗਰਦਾ
ਮੇਰੀ ਛਾਂ ਹੀ
ਮੇਰੀ ਛਾਂ 'ਚ ਗੁਆਚ ਗਈ ਹੈ
ਇਸ ਭੀੜ ਦੇ ਵਜੂਦ ਚੋਂ
ਕਿਵੇਂ ਨਿਕਲਾਂ
ਇਹ ਭੀੜ ਮੇਰਾ ਵਜੂਦ ਖਾ ਗਈ ਹੈ

-0-

ਭੀੜ 'ਚ ਪੈਰ ਚਲਦੇ ਹਨ
ਸਿਰ ਨਹੀਂ ਚਲਦਾ

ਮੈਂ ਪੈਰਾਂ ਨੂੰ ਸਮਝਾਇਆ
ਕਿ ਭੀੜ ਦੇ ਪੈਰਾਂ ਤੋਂ
ਹੌਲੀ ਤੁਰੋ
ਹੌਲੀ ਤੁਰਿਆ
ਭੀੜ ਤੋਂ ਪਿੱਛੇ ਰਹਿ ਗਿਆ
ਭੀੜ ਅੱਗੇ ਨਿਕਲ ਗਈ
ਮੈਂ ਭੀੜ ਤੋਂ ਅਲੱਗ ਹੋ ਗਿਆ

-0-

ਭੀੜ ਨੇ ਪਿੱਛੇ ਮੁੜ ਕੇ
ਜਦ ਮੇਰੇ ਵੱਲ ਵੇਖਿਆ
ਭੀੜ ਦੇ ਅੱਗੇ ਵੱਲ ਭੀੜ ਦੀ
ਪਿੱਠ ਹੋ ਗਈ
ਮੇਰੀ ਪਿੱਠ ਵੱਲ ਭੀੜ ਦਾ
ਮੂੰਹ ਹੋ ਗਿਆ
ਭੀੜ ਮੇਰੇ ਪਿੱਛੇ ਬਿਨਾਂ ਕੁੱਝ
ਸੋਚੇ ਸਮਝੇ ਆ ਰਹੀ ਸੀ
ਮੈਂ ਆਪਣੇ ਘਰ ਵੱਲ ਪਰਤ
ਰਿਹਾ ਸਾਂ
ਮੇਰੀ ਨਜ਼ਰ 'ਚ
ਮੇਰਾ ਘਰ ਮੰਜ਼ਿਲ ਸੀ
ਚੇਤਨਾ 'ਚ ਘਰ ਦੀਆਂ ਕੰਧਾਂ ਛੱਤਾਂ
ਵਿਹੜਾ ਬੂਹੇ ਦਾ ਵਿਸਥਾਰ ਸੀ
ਘਰ ਦਾ ਅਕਾਰ ਸੀ

ਭੀੜ ਦੀ
ਬਸ ਪਿੱਛੇ ਲੱਗਣ ਦੀ ਆਦਤ ਸੀ
ਭੀੜ ਦੇ ਬਦਨ ਚੋਂ
ਸਿਰ ਮਨਫ਼ੀ ਸੀ
ਭੀੜ ਪੈਰਾਂ ਦੀ ਗੁਲਾਮ ਸੀ
ਭੀੜ ਨੇ ਮੈਨੂੰ
ਅਲੱਗਤਾ ਦੇ ਸੱਚ ਦਾ
ਮੁੱਲ ਸਿੱਖਾ ਦਿੱਤਾ
ਮੈਂ ਛੱਡਿਆ ਭੀੜ ਨੂੰ
ਆਪਣੇ ਸੱਚ ਦਾ ਮੁੱਲ ਪਾ ਲੀਤਾ

-0-

ਭੀੜ ਚੋਂ ਹੀ ਮੈਂ
ਸਿੱਖਿਆ ਹੈ ਅਲੱਗ ਹੋਣਾ
ਆਪਣਾ ਅੰਬਰ ਸਿਰਜਣਾ
ਆਪਣੀ ਧਰਤੀ ਤੇ ਤੁਰਨਾ
ਭੀੜ ਦੇ ਪੈਰਾਂ ਚੋਂ
ਆਪਣੇ ਪੈਰਾਂ ਤੇ ਵੱਖ ਹੋਣਾ

---

## ਫੁੱਲ ਤੇ ਪੱਥਰ

ਮੇਰੇ ਦਿਲ ਦੁਆਲੇ
ਪੱਥਰ ਹੀ ਪੱਥਰ ਹਨ
ਪੱਥਰਾਂ ਦੇ ਚਿਹਰੇ ਹਨ
ਜੋ ਜਨਮਦੇ ਪੱਥਰ ਨਹੀਂ ਸਨ
ਜਿਉਂ ਜਿਉਂ
ਉਮਰ 'ਚ ਪੈਰ ਧਰਦੇ ਗਏ
ਫੁੱਲਾਂ ਤੋਂ ਪੱਥਰ ਬਣਦੇ ਗਏ

-0-

ਇਕ ਚਿਹਰੇ ਦੀ ਅੱਖ ਰੋਈ
ਅੱਥਰੂ ਧਰਤ ਤੇ ਡਿੱਗਾ
ਤੇ ਪੱਥਰ ਹੋ ਗਿਆ

-0-

ਇਕ ਚਿਹਰਾ
ਪਹਿਲੀ ਵਾਰ ਹੱਸਿਆ
ਹਾਸਾ ਪੌਣਾਂ 'ਚ ਖਿਲਾਰਿਆ
ਤੇ ਕੰਕਰ ਕੰਕਰ ਹੋ ਗਿਆ

-0-

ਇਕ ਖ਼ੁਸ਼ਬੂ ਨੇ ਅੱਖ ਖੋਲ੍ਹੀ
ਆਪਣਾ ਆਪਾ ਤੱਕਿਆ
ਤੇ ਖੰਡਰ ਹੋ ਗਈ

-0-

ਕਲੀਆਂ ਦਾ ਹੁਸਨ
ਧੁੱਪਾਂ 'ਚ ਖਿੜਿਆ
ਸੂਰਜ ਦੀ ਨਜ਼ਰ ਪਈ
ਤੇ ਬਰਫ਼ ਹੋ ਗਿਆ.

-0-

ਇਹ ਚਿਹਰੇ ਜ਼ਿੰਦਗੀ 'ਚ
ਵਿਚਰਦੇ ਰਹੇ
ਜ਼ਿੰਦਗੀ 'ਚ ਬਹਾਰਾਂ ਰੰਗ
ਖ਼ੁਸ਼ਬੂਆਂ ਤੇ ਰੌਣਕਾਂ ਧਰਦੇ ਰਹੇ
ਜ਼ਿੰਦਗੀ ਦੇ ਟੋਏ ਟਿੱਬੇ
ਹੰਝੂਆਂ ਹਾਸਿਆਂ ਨਾਲ ਭਰਦੇ ਰਹੇ
ਜ਼ਿੰਦਗੀ ਨੇ ਜੋ ਵੀ ਜ਼ਖ਼ਮ
ਇਨ੍ਹਾਂ ਨੂੰ ਦਿੱਤੇ
ਇਨ੍ਹਾਂ ਦੇ ਚਿਹਰਿਆਂ ਤੇ ਦਿੱਸਦੇ ਨਹੀਂ
ਇਨ੍ਹਾਂ ਦੇ ਦਿਲਾਂ ਚੋਂ
ਸਾਰੀ ਉਮਰ ਹੀ ਰਿਸਦੇ ਰਹੇ

–0–

ਦਿਲ ਦੇ ਇਹ ਜ਼ਖ਼ਮ
ਕਦੀ ਫੁੱਲ ਕਦੀ ਤਾਰੇ ਬਣੇ
ਕਦੀ ਬਚਪਣ ਦੇ ਅੱਥਰੂ
ਕਦੀ ਜਵਾਨੀ ਦੇ ਅੰਗਿਆਰੇ ਬਣੇ
ਕਦੀ ਸਮੁੰਦਰ ਦੇ ਦਿਲ ਦੇ ਦਾਗ਼ ਹੋ ਗਏ
ਕਦੀ ਧਰਤ ਦਾ ਵੈਰਾਗ ਹੋ ਗਏ
ਕਦੀ ਅੰਬਰ 'ਚ ਖੋਹ ਗਏ
ਕਦੀ ਬੱਦਲ ਹਨ੍ਹੇਰੀਆਂ
ਕਦੀ ਚਿਰਾਗ ਹੋ ਗਏ
ਕਦੀ ਪੱਥਰ ਕਦੀ ਪੌਣਾਂ ਦਾ ਹੱਸਦਾ ਚਿਹਰਾ
ਕਦੀ ਸੂਲਾਂ ਕਦੇ ਗੁਲਾਬ ਹੋ ਗਏ

–0–

ਜ਼ਖ਼ਮ ਜੋ ਫੁੱਲ ਤਾਰੇ
ਬਚਪਨ ਦੇ ਅੱਥਰੂ ਜਵਾਨੀ ਦੇ ਅੰਗਿਆਰੇ ਸਨ

ਫੁੱਲਾਂ ਦੀ ਖ਼ੁਸ਼ਬੂ
ਤਾਰਿਆਂ ਦੀ ਛੋਹ ਹੋ ਗਏ
ਸ਼ਬਨਮ ਦਾ ਹੁਸਨ
ਆਫ਼ਤਾਬ ਦੀ ਲੋਅ ਹੋ ਗਏ

–0–

ਸਮੁੰਦਰ ਦੇ ਦਾਗ਼
ਭਾਫ਼ ਤੋਂ ਬੱਦਲ ਬਣੇ
ਸ਼ਹਿਰਾਂ ਤੇ ਵਰ੍ਹ ਗਏ
ਅੰਬਰ ਦੇ ਜ਼ਖ਼ਮ
ਅੰਬਰ ਦੇ ਬੋਲਾਂ 'ਚ ਢਲ ਗਏ
ਧਰਤੀ ਦੇ ਵੈਰਾਗੀ ਜ਼ਖ਼ਮ
ਰੁੱਤਾਂ ਮੌਸਮਾਂ ਬਹਾਰਾਂ ਦੀ ਰਾਹ ਹੋ ਗਏ
ਪੌਣਾਂ ਦੇ ਜ਼ਖ਼ਮ
ਚੁੱਪ ਦੀ ਅਵਾਜ਼ ਹੋ ਗਏ

–0–

ਪੱਥਰ ਹੋਏ ਜ਼ਖ਼ਮ
ਦਿਲ ਦੀ ਧੜਕਣ 'ਚ ਉਤਰੇ
ਅੱਖਾਂ ਥੀਂ ਦਿਲ ਦਾ ਰਾਜ਼ ਕਹਿ ਗਏ
ਤੁਰ ਨਹੀਂ ਸਨ ਸਕਦੇ
ਤਰ ਨਹੀਂ ਸਨ ਸਕਦੇ
ਉੱਡ ਨਹੀਂ ਸਨ ਸਕਦੇ
ਦਿਲ ਚੋਂ ਉੱਗੇ ਸਨ
ਦਿਲ ਦੇ ਪਾਸ ਰਹਿ ਗਏ

---

## ਤੂੰ ਮੇਰੇ ਕੋਲ ਹੁੰਦੀ ਹੈਂ

ਮੈਂ ਤੈਨੂੰ ਸਾਵੇਂ ਬਿਠਾ ਕੇ ਵੀ
ਵੇਖ ਸਕਦਾ ਹਾਂ
ਨਜ਼ਰਾਂ ਤੋਂ ਹਟਾ ਕੇ ਵੀ ਵੇਖ ਸਕਦਾ ਹਾਂ
ਤੇਰੇ ਅੱਗੋਂ
ਆਪਾ ਹਟਾ ਕੇ ਵੀ ਵੇਖ ਸਕਦਾ ਹਾਂ
ਆਪਾ ਜਗਾ ਕੇ ਵੀ
ਆਪਾ ਬੁੱਝਾ ਕੇ ਵੀ ਵੇਖ ਸਕਦਾ ਹਾਂ

-0-

ਮੈਂ ਉਹ ਦਰਵਾਜ਼ਾ ਹਾਂ
ਜੋ ਅੰਦਰ ਵੱਲ ਵੀ
ਬਾਹਰ ਵੱਲ ਵੀ ਖੁੱਲ੍ਹਦਾ ਹੈ
ਮੈਂ ਤੈਨੂੰ ਅੰਦਰ ਬਿਠਾ ਕੇ ਵੀ
ਬਾਹਰ ਬਿਠਾ ਕੇ ਵੀ ਵੇਖ ਸਕਦਾ ਹਾਂ
ਮੈਂ ਤੈਨੂੰ
ਅੰਦਰੋਂ ਬਾਹਰੋਂ ਉਠਾ ਕੇ ਵੀ ਵੇਖ ਸਕਦਾ ਹਾਂ

-0-

ਤੂੰ ਮੇਰੇ ਕੋਲ ਹੁੰਦੀ ਹੈਂ
ਜਦ ਕੋਈ ਵੀ ਆਪਣੇ ਕੋਲ ਨਹੀਂ ਹੁੰਦਾ
ਤੂੰ ਮੇਰੀ ਚੁੱਪ ਹੁੰਦੀ ਹੈਂ
ਚੁੱਪ ਕੋਲ ਜਦ ਕੋਈ ਵੀ ਬੋਲ ਨਹੀਂ ਹੁੰਦਾ
ਕੋਈ ਸ਼ੋਰ ਨਹੀਂ ਹੁੰਦਾ
ਮੈਂ ਨਹੀਂ ਹੁੰਦਾ ਤੂੰ ਨਹੀਂ ਹੁੰਦੀ
ਤੇਰੇ 'ਚ ਮੇਰੀ ਚੁੱਪ ਹੁੰਦੀ ਹੈ
ਮੇਰੇ 'ਚ ਤੇਰੀ ਚੁੱਪ ਹੁੰਦੀ ਹੈ

-0-

ਬਸ ਚੁੱਪ 'ਚ ਇਕ ਚੁੱਪ ਹੁੰਦੀ ਹੈ
ਚੁੱਪ ਹੀ ਚੁੱਪ ਦਾ ਬੋਲ ਹੁੰਦੀ ਹੈ
ਚੁੱਪ ਹੀ ਚੁੱਪ ਦੇ ਕੋਲ ਹੁੰਦੀ ਹੈ
ਚੁੱਪ ਦਾ ਵਜ਼ੂਦ ਨਹੀਂ ਹੁੰਦਾ
ਚੁੱਪ ਦਾ ਕੁੱਝ ਨਹੀਂ ਹੁੰਦਾ
ਕੁੱਝ ਨਹੀਂ 'ਚ ਸਭ ਕੁੱਝ ਹੁੰਦਾ ਹੈ
ਕੁੱਝ ਨਹੀਂ 'ਚ ਕੁੱਝ ਵੀ ਦੂਰ ਨਹੀਂ ਹੁੰਦਾ

-0-

ਤੂੰ ਮੇਰੇ ਕੋਲ ਹੁੰਦੀ ਹੈਂ
ਜਦ ਮੈਂ ਵੀ ਆਪਣੇ ਕੋਲ ਨਹੀਂ ਹੁੰਦਾ
ਤੂੰ ਮੇਰੀ ਚੁੱਪ ਹੁੰਦੀ ਹੈਂ
ਚੁੱਪ 'ਚ ਜਦ ਕੋਈ ਵੀ ਬੋਲ ਨਹੀਂ ਹੁੰਦਾ
ਕੋਈ ਸ਼ੋਰ ਨਹੀਂ ਹੁੰਦਾ

---

# ਤੂੰ ਨਦੀ ਮੈਂ ਦਰਿਆ

ਮੈਂ ਜਦੋਂ ਆਪਣਾ ਚਿਹਰਾ
ਤੇਰੇ ਚਿਹਰੇ ਚੋਂ ਤੱਕਿਆ
ਮੇਰੇ ਅੰਦਰ ਦਾ ਦਰਿਆ
ਉਬਾਲੇ ਖਾਣ ਲੱਗਾ
ਕੰਢਿਆਂ ਤੋਂ ਬਾਹਰ ਵਹਿਣ ਲੱਗਾ

-0-

ਤੂੰ ਜਦੋਂ ਆਪਣਾ ਚਿਹਰਾ
ਮੇਰੇ ਚਿਹਰੇ ਚੋਂ ਤੱਕਿਆ
ਤੇਰੇ ਅੰਦਰ ਵਗਦੀ ਨਦੀ 'ਚ
ਬਾੜ ਆ ਗਈ
ਕੰਢਿਆਂ ਤੋ ਬਾਹਰ ਵਹਿ ਗਈ

-0-

ਤੇਰੇ ਤੇ ਮੇਰੇ ਕਿਨਾਰਿਆਂ ਸੋਚਿਆ
ਹੁਣ ਪਾਣੀ ਸਿਰ ਤੋਂ ਲੰਘ ਗਿਆ ਹੈ
ਤੇਰੇ ਤੇ ਮੇਰੇ ਕਿਨਾਰੇ ਭੁਰ ਗਏ ਖੁਰ ਗਏ
ਮੇਰੇ ਦਰਿਆ ਦਾ ਪਾਣੀ
ਤੇਰੇ ਪਾਣੀ ਨੂੰ ਜਾ ਲੱਗਾ
ਤੇਰੀ ਨਦੀ ਦਾ ਪਾਣੀ ਮੇਰੇ ਪਾਣੀ ਨੂੰ ਆ ਲੱਗਾ
ਪਾਣੀ 'ਚ ਪਾਣੀ ਰਲ ਗਿਆ
ਨਦੀ ਦਾ ਦਰਿਆ 'ਚ ਦਰਿਆ ਦਾ ਨਦੀ 'ਚ
ਵਜੂਦ ਢਲ ਗਿਆ

-0-

ਹੁਣ ਦਰਿਆ ਸ਼ਾਂਤ ਸੀ ਨਦੀ ਸ਼ਾਂਤ ਸੀ
ਦੋਹਾਂ ਦੇ ਮੇਲ ਚੋਂ ਇਕ ਨਵਾਂ ਵਹਿਣ ਜਨਮਿਆ
ਦੋਹਾਂ ਦੇ ਮਸਤਕ ਚ ਚੰਨ ਸੂਰਜ ਤਾਰੇ
ਧਰ ਗਿਆ

## ਜ਼ਰੂਰਤਾਂ ਦਾ ਸ਼ਮਸ਼ਾਨ

ਇਹ ਬਾਜ਼ਾਰ
ਇਹ ਮੰਡੀਆਂ
ਇਹ ਖ਼ਰੀਦੋ ਫਰੋਖ਼ਤ ਸਥਾਨ
ਜ਼ਰੂਰਤਾਂ ਦਾ ਸ਼ਮਸ਼ਾਨ ਹਨ
ਬੇਅਵਾਜ਼ ਦੀ ਆਵਾਜ਼ ਹਨ
ਜਿੱਥੇ ਤੁਰਦੀ ਜ਼ਿੰਦਗੀ
ਆਪਣੇ ਆਪ ਤੱਕ ਨਹੀਂ
ਅੱਪੜਦੀ
ਮੌਤ ਦੇ ਦਰ ਤੇ ਅੱਪੜਦੀ ਹੈ
ਮੌਤ ਦੇ ਬਦਲੇ ਜ਼ਿੰਦਗੀ
ਜ਼ਿੰਦਗੀ ਦਾ ਮੁੱਲ ਭਰਦੀ ਹੈ

-0-

ਇਹ ਬਜ਼ਾਰ
ਇਹ ਮੰਡੀਆਂ
ਇਹ ਖ਼ਰੀਦੋ ਫਰੋਖ਼ਤ ਸਥਾਨ
ਜ਼ਿੰਦਗੀ ਦੇ ਲਹੂ ਦੇ
ਪਿਆਸੇ ਹਨ
ਜ਼ਿੰਦਗੀ ਦਾ ਮਾਸ ਲੋਚਦੇ ਹਨ
ਜ਼ਿੰਦਗੀ ਸ਼ਾਂਤ ਕਰਨ ਦੀ ਸੋਚਦੇ ਹਨ
ਇਨ੍ਹਾਂ ਦੀ ਨਜ਼ਰ 'ਚ

ਜ਼ਿੰਦਗੀ ਸ਼ਾਂਤ ਤਾਂ ਹੁੰਦੀ ਹੈ
ਜੇ ਜ਼ਿੰਦਗੀ 'ਚ ਪ੍ਰਾਣ ਨਾ ਰਹੇ
ਜ਼ਿੰਦਗੀ 'ਚ ਜਾਨ ਨਾ ਰਹੇ
ਜ਼ਿੰਦਗੀ ਕਬਰ ਹੋ ਜਾਏ
ਸਦਾ ਦਾ ਸਬਰ ਹੋ ਜਾਏ

-0-

ਜਦ ਤੱਕ ਜੀਵਨ 'ਚ
ਲਹੂ ਦਾ ਆਖ਼ਰੀ ਕਤਰਾ ਹੈ
ਇਹ ਬਜ਼ਾਰ ਇਹ ਮੰਡੀਆਂ
ਇਹ ਖ਼ਰੀਦੋ ਫਰੋਖ਼ਤ ਦੇ ਸਥਾਨ
ਆਪਣੀਆਂ ਜ਼ਰੂਰਤਾਂ
ਪੂਰੀਆਂ ਕਰਦੇ ਰਹਿਣਗੇ
ਜੀਵਨ ਦੇ ਲਹੂ ਦੀ ਆਖ਼ਰੀ
ਬੂੰਦ ਨਿਚੋੜ ਕੇ
ਉਸ ਦਾ ਫ਼ੋਕ
ਉਸ ਦੀ ਤਲੀ ਤੇ ਧਰਦੇ
ਰਹਿਣਗੇ

-0-

ਜੀਵਨ
ਬਜ਼ਾਰਾਂ ਮੰਡੀਆਂ
ਖ਼ਰੀਦੋ ਫ਼ਰੋਖ਼ਤ ਦੇ ਸਥਾਨਾਂ ਤੋਂ

ਜੀਵਨ ਹੋ ਕੇ ਗੁਜ਼ਰਦਾ ਹੈ
ਜਦ ਘਰ ਪਰਤਦਾ ਹੈ
ਤਾਂ ਜਿਉਂਦੀ ਲਾਸ਼ ਲੱਗਦਾ ਹੈ
ਬਾਜ਼ਾਰਾਂ ਮੰਡੀਆਂ ਦੀ ਦੁਨੀਆਂ
ਆਬਾਦ ਹੁੰਦੀ ਹੈ
ਮਨੁੱਖ ਦੀ ਦੁਨੀਆਂ ਬਰਬਾਦ ਹੁੰਦੀ ਹੈ

-0-

ਹਰ ਰੋਜ਼
ਇਨ੍ਹਾਂ ਦੇ ਮੂੰਹ ਤੇ ਲਾਲੀ
ਰੰਗ ਰੂਪ ਤੇ ਸੁੰਦਰਤਾ ਚੜ੍ਹਦੀ ਹੈ
ਵੱਧਦੀ ਹੈ
ਇਨ੍ਹਾਂ ਦੀ ਰੌਣਕ ਫੈਲਦੀ ਹੈ
ਇਨ੍ਹਾਂ ਦੇ ਨੈਣਾਂ 'ਚ
ਖ਼ੁਸ਼ੀ ਤੈਰਦੀ ਹੈ
ਇਹ ਖ਼ੁਸ਼ਹਾਲ ਤੇ ਰਿਸ਼ਟਪੁਸ਼ਟ
ਹੁੰਦੇ ਜਾ ਰਹੇ ਹਨ
ਆਪਣਾ ਤਿਜ਼ਾਰਤੀ ਵਜੂਦ ਫੈਲਾਅ
ਰਹੇ ਹਨ
ਲੋਕ ਹਨ ਕਿ ਸੁੰਘੜਦੇ ਹੀ ਜਾ
ਰਹੇ ਹਨ

-0-

ਇਨ੍ਹਾਂ ਦੀ ਹਰ ਜ਼ਰੂਰਤ ਦਾ ਪੇਟ
ਜ਼ਿੰਦਗੀ ਭਰਦੀ ਹੈ

ਆਪਣੇ ਆਪ 'ਚ
ਨੁਚੜਦੀ ਹੈ ਸੁੰਘੜਦੀ ਹੈ
ਜ਼ਿੰਦਗੀ ਦੇ ਚਿਹਰੇ ਤੇ
ਪਲੱਤਣ ਛਾ ਜਾਂਦੀ ਹੈ
ਇਨ੍ਹਾਂ ਦੇ ਚਿਹਰੇ ਤੇ
ਲਾਲਗੀ ਤੇ ਰੌਣਕ ਆ ਜਾਂਦੀ ਹੈ

-0-

ਜ਼ਿੰਦਗੀ ਦੇ ਸਬਜ਼ ਵਜ਼ੂਦ 'ਚ
ਇਨ੍ਹਾਂ ਨੇ
ਸਹਿਰਾ ਧਰਿਆ ਹੈ
ਜ਼ਿੰਦਗੀ ਨੂੰ
ਉਜਾੜ ਤੇ ਸ਼ਮਸ਼ਾਨ 'ਚ
ਬਦਲਿਆ ਹੈ
ਜ਼ਿੰਦਗੀ ਦਾ ਮੁਰਦਾ
ਜਦ ਤੱਕ ਸੜਦਾ ਨਹੀਂ
ਇਸ ਤਿਜ਼ਾਰਤਖੋਰ ਦੁਨੀਆਂ ਦਾ
ਪੇਟ ਤਦ ਤੱਕ ਭਰਦਾ ਨਹੀਂ

---

## ਘਰ ਦੀ ਤਲਾਸ਼

ਉਹ
ਉਸਦੀ ਤਲਾਸ਼ 'ਚ ਨਿਕਲਿਆ
ਤੇ ਏਨੀ ਦੂਰ ਨਿਕਲ ਗਿਆ
ਕਿ ਆਪਣੇ ਆਪ 'ਚ ਹੀ
ਗੁੰਮ ਹੋ ਗਿਆ
ਹੁਣ
ਉਸਨੂੰ ਢੂੰਡਣਾ ਔਖਾ ਸੀ
ਉਸਨੂੰ ਭਾਲਣਾ
ਆਪਣਾ ਆਪਾ ਗੁਆਣਾ ਸੀ

-0-

ਉਹ
ਜਿਸ ਘਰ ਦੀ ਤਲਾਸ਼ 'ਚ
ਨਿਕਲਿਆ
ਉਹ ਇਕ ਚਲਦਾ ਘਰ ਸੀ
ਘਰ ਦੇ ਚੁੱਲ੍ਹੇ 'ਚ ਅੱਗ ਸੀ
ਚੌਂਕੇ ਦੇ ਘੜੇ 'ਚ ਜਲ ਸੀ
ਤਵੇ ਤੇ ਰੋਟੀ ਤੇ ਕੁੰਨੀ 'ਚ ਦਾਲ ਸੀ
ਘਰ ਦੀਆਂ
ਕੰਧਾਂ ਛੱਤਾਂ ਬੂਹੇ ਬਾਰੀਆਂ
ਘਰ ਦੀਆਂ ਜ਼ਰੂਰਤਾਂ
ਤੇ ਇਕ ਚਲਦੇ ਘਰ ਦਾ ਆਕਾਰ ਸੀ

-0-

ਉਸਨੂੰ
ਆਪਣੀ ਤਲਾਸ਼ 'ਚ
ਇਹ ਸਭ ਕੁੱਝ ਤਾਂ ਨਾ ਮਿਲਿਆ
ਪਰ ਉਸ ਦੀ ਬੇਰੁਜ਼ਗਾਰੀ ਨੇ

ਉਸ ਚੋਂ
ਜਿਉਂਦਾ ਜਾਗਦਾ ਆਦਮੀ
ਮੁਕਾ ਦਿੱਤਾ
ਉਸਨੂੰ ਪੱਥਰ ਬਣਾ ਦਿੱਤਾ
ਜੋ ਭੁੱਖਾ ਵੀ ਜਿਉਂਦਾ ਸੀ
ਪਿਆਸਾ ਵੀ ਜਿਉਂਦਾ ਸੀ
ਜੀਵਨ ਦੀ ਹਰ ਮੁਥਾਜ਼ੀ ਤੋਂ
ਮੁਕਤ ਸੀ ਆਜ਼ਾਦ ਸੀ
ਗਤੀ ਵਿਹੁਣਾ
ਆਪਣੀ ਅਗਤੀ 'ਚ ਅਬਾਦ ਸੀ

-0-

ਉਸ ਦੇ ਪਿੱਛੇ
ਉਸ ਦੇ ਖੜ੍ਹੇ ਘਰ ਦਾ ਵਜ਼ੂਦ
ਉਸ ਦੀ
ਭਾਲ 'ਚ ਨਿਕਲਿਆ
ਤੇ ਉਸ ਪੱਥਰ ਕੋਲ ਆ ਗਿਆ
ਉਸ ਵੇਖਿਆ
ਉਸ 'ਚ ਅਚੱਲ ਘਰ ਦਾ ਵਜ਼ੂਦ ਸੀ
ਅਚੱਲ ਘਰ ਦਾ ਸੱਚ
ਉਸ 'ਚ ਮੌਜ਼ੂਦ ਸੀ
ਘਰ
ਪੱਥਰ ਨੂੰ ਬੋਲਿਆ
ਤੂੰ ਜਾਣਦਾ ਹੈਂ
ਤੂੰ ਕਿਉਂ ਪੱਥਰ ਹੋ ਗਿਆ ਹੈਂ
ਪੱਥਰ ਨੇ
ਆਪਣੀ ਚੁੱਪ 'ਚ ਕਿਹਾ
ਨਹੀਂ

-0-

ਘਰ ਬੋਲਿਆ
ਤੇਰੀ ਤਲਾਸ਼ ਦੇ ਯਥਾਰਥ 'ਚ
ਇਕ ਖੜ੍ਹੇ
ਘਰ ਦਾ ਵਜੂਦ ਸੀ
ਉਹ ਮੇਰਾ ਸੱਚ ਸੀ
ਜੋ
ਤੇਰੀ ਚੇਤਨਾ
ਤੇਰੇ ਲਹੂ 'ਚ ਮੌਜੂਦ ਸੀ
ਜਿਸਨੇ
ਤੈਨੂੰ ਪੱਥਰ ਬਣਾ ਦਿੱਤਾ

-0-

ਮੇਰਾ ਅਚੱਲ ਵਜੂਦ
ਤੇਰੀ ਗਤੀ ਦਾ ਯਥਾਰਥ ਸੀ
ਜਿਸਨੇ ਮੈਨੂੰ ਚਲਣਾ
ਸਿੱਖਾ ਦਿੱਤਾ
ਆਪਣੇ ਆਪ ਚੋਂ
ਮੇਰਾ ਅਚਲ
ਯਥਾਰਥ ਨਿਚੋੜ ਦੇ
ਆਪਣੀ ਤਲਾਸ਼ ਨੂੰ
ਆਪਣੀ ਗਤੀ ਮੋੜ ਦੇ
ਤੂੰ ਅਵੇਗ ਤੋਂ ਵੇਗ ਹੋ ਜਾਵੇਂਗਾ
ਤਵੇ ਦੀ ਰੋਟੀ
ਕੁੰਨੀ ਦੀ ਦਾਲ ਸਦਾਏਂਗਾ
ਘਰ ਦੀ ਹਰ ਜ਼ਰੂਰਤ ਦੀ ਪੂਰਤੀ
ਖ਼ੁਦ ਚਲਦਾ ਘਰ ਕਹਾਏਂਗਾ

---

# ਤ੍ਰਿਵੇਣੀ
## (ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# ਤਤਕਰਾ


1. ਨੂਰੀ ਨੂਰ
2. ਪ੍ਰੇਮ ਖੇਲਣ ਕਾ ਚਾਓ
3. ਸ਼ੀਸ਼ਾ ਤੇ ਪੱਥਰ
4. ਦਿਲ ਦੇ ਦਾਗ਼
5. ਸਿਰਜਣਾ ਤੇ ਬਿਨਸਣਾ
6. ਨੀਂਦਰ ਤੇ ਸੁਫ਼ਨਾਂ
7. ਮਹਿੰਦੀ ਵਾਲੀਆਂ ਤਲੀਆਂ
8. ਪ੍ਰਛਾਵੇਂ
9. ਅੱਥਰੂ ਦਾ ਸੱਚ
10. ਸੰਧੂਰੀ ਨਦੀ
11. ਰੁੱਖ ਤੇ ਪੰਛੀ
12. ਚੁੱਪ
13. ਤਸਵੀਰ
14. ਤਰਲ ਸ਼ਹਿਰ
15. ਅਜ਼ਨਬੀ
16. ਅੱਧਰਾਂਗਨੀ
17. ਚੁੱਪ ਹੇਠ
18. ਪ੍ਰੱਭੂ ਜੀ
19. ਨਿੱਖਰੀ ਧੁੱਪ
20. ਅੰਕੁਰ ਤੇ ਆਕਾਰ
21. ਅੰਬਰ ’ਚ ਉੱਗਿਆ ਰੁੱਖ
22. ਬਿਰਖ ਦਾ ਅੰਤ
23. ਘਰ

## ਨੂਰੀ ਨੂਰ

ਤੇਰੇ ਨੈਣੀ ਸੂਰਜ ਚੜ੍ਹਣ
ਤੇਰੇ ਇਸ਼ਾਰੇ
ਚੰਨ ਤਾਰੇ ਸੂਰਜ
ਅੰਬਰੀਂ ਧਰਨ
ਤੇਰੇ ਹਾਸੇ
ਬ੍ਰਹਿਮੰਡਾਂ ਦਾ ਰੂਪ ਧਾਰਦੇ
ਤੇਰੇ ਬੋਲ
ਅੰਬਰ ਧਰਤੀ ਤੇ ਉਤਾਰਦੇ

-0-

ਤੇਰੀ ਤੋਰ ਪੌਣਾਂ ਤੁਰਦੀਆਂ
ਤੇਰੇ ਜਿਸਮ ਚੋਂ
ਖ਼ੁਸ਼ੀਆਂ ਸਿਮਦੀਆਂ
ਹੰਝੂਆਂ ਚੋਂ ਬੱਦਲ ਝਾਕਦੇ
ਹੁਸਨ ਤੇਰੇ ਦੇ ਜਲਵੇ
ਮਹਿਤਾਬ ਦੇ
ਸਾਹਾਂ ਚੋਂ ਜਨਮਦੇ
ਗੁਲਸ਼ਨ ਸ਼ਬਾਬ ਦੇ
ਕੰਠ ਚੋਂ ਉੱਠਦੇ ਨੇ ਸੁਰ
ਕੁਦਰਤ ਦੀ ਰਬਾਬ ਦੇ

-0- !

ਤੇਰਿਆਂ ਨਖ਼ਸ਼ਾਂ 'ਚ
ਸ਼ਬਾਬ ਸ਼ਬਨਮ ਦਾ

ਵਸੇਰਾ ਰਾਤ ਦਾ
ਤੇਰੀਆਂ ਬੰਦ ਪਲਕਾਂ 'ਚ
ਖੁੱਲ੍ਹੀਆਂ ਪਲਕਾਂ 'ਚ
ਨੂਰ ਦਿਨ ਦੀਆਂ ਝਲਕਾਂ ਦਾ
ਹੱਥਾਂ ਦੀਆਂ ਤਲੀਆਂ ਤੇ
ਧਰਤੀ ਦੀ ਹਰਆਉਲ ਹੈ ਤੇਰੇ
ਤੇਰੀ ਖ਼ੁਸ਼ਬੂ ਦਾ ਪਿਆਸਾ
ਕਿਸਮਤ ਦਾ ਭੌਰ ਹੈ
ਚਿਹਰੇ ਦੇ ਸਰੋਵਰ 'ਚ
ਅੰਮ੍ਰਿਤ ਦਾ ਨੂਰ ਹੈ
ਰੰਗ ਤੇਰੇ ਦਾ
ਮੌਸਮਾਂ ਬਹਾਰਾਂ ਰੁੱਤਾਂ 'ਚ
ਸਰੂਰ ਹੈ
ਸਿਰਜਣਾ ਤੇਰੀ ਦੀ
ਦੁਨੀਆਂ ਮਸ਼ਕੂਰ ਹੈ

-0-

ਸੱਚ ਸੁੰਦਰਤਾ ਕਲਿਆਣ
ਤੇਰੇ 'ਚ ਮੌਜੂਦ ਨੇ
ਜ਼ਿੰਦਗੀ ਦੀਆਂ ਰਹਿਮਤਾਂ
ਤੇ ਨਿਹਮਤਾਂ
ਤੇਰਾ ਸੱਚ ਨੇ ਤੇਰਾ ਵਜੂਦ ਨੇ
ਰੱਬ ਦੁਨੀਆਂ ਦਾ
ਤੇਰੇ ਹੀ ਅੰਦਰ ਹੈ
ਤੇਰੀ ਹੀ ਦੇਹ ਉਸ ਰੱਬ ਦਾ
ਮੰਦਰ ਹੈ

-0-

ਨੂਰ ਜ਼ਰੇ ਜ਼ਰੇ 'ਚ ਹੈ ਤੇਰਾ
ਕਤਰੇ ਕਤਰੇ 'ਚ
ਪਹਿਚਾਣ ਹੈ ਤੇਰੀ
ਬ੍ਰਹਿਮੰਡ ਪ੍ਰਕਿਰਤੀਆਂ
ਵਸਤੂ ਸੰਸਾਰ
ਜਿਸ 'ਚ ਸਿਮਟਿਆ ਹੈ
ਉਹ ਇਕ ਬੋਲ ਹੈ ਤੇਰਾ
ਜਿਸਨੂੰ
ਸਿਮਰਦੇ ਨੇ ਆਸ਼ਕ
ਰਿਸ਼ੀ ਮੁਨੀ ਤੇ ਤਪੱਸਵੀ
ਉਹ ਇਕ ਕੌਲ ਹੈ ਤੇਰਾ

–0–

ਤੇਰੇ ਨੈਣੀ ਸੂਰਜ ਚੜ੍ਹਣ
ਤੇਰੇ ਇਸ਼ਾਰੇ
ਚੰਨ ਤਾਰੇ ਸੂਰਜ
ਅੰਬਰੀਂ ਧਰਨ
ਤੇਰੇ ਹਾਸੇ
ਬ੍ਰਹਿਮੰਡਾਂ ਦਾ ਰੂਪ ਧਾਰਦੇ
ਤੇਰੇ ਬੋਲ
ਅੰਬਰ ਧਰਤੀ ਤੇ ਉਤਾਰਦੇ

---

# ਪ੍ਰੇਮ ਖੇਲਣ ਕਾ ਚਾਓ

ਬੜੇ ਸੁੱਟੇ ਪੱਥਰ ਤੁਸਾਂ
ਉਸਦੇ ਦਿਲ ਦੇ ਸ਼ੀਸ਼ੇ ਤੇ
ਪੱਥਰ ਭੁਰ ਗਏ
ਪਰ ਦਿਲ ਦਾ ਸ਼ੀਸ਼ਾ
ਨਾ ਤਿੜਕਿਆ
ਅੰਮ੍ਰਿਤ ਤੋਂ ਸਿਵਾ
ਕੁੱਝ ਨਾ ਮਿਲਿਆ
ਤੁਸਾਂ ਉਸਦੇ ਦਿਲ ਦਾ
ਸਮੁੰਦਰ ਵੀ ਰਿੜਕਿਆ

-0-

ਬੜੇ ਹਨ੍ਹੇਰੀਆਂ ਤੂਫ਼ਾਨ
ਝੱਖੜ ਤੇ ਜ਼ਲਜ਼ਲੇ ਆਏ
ਕੋਈ ਰੋਕ ਨਾ ਸਕਿਆ
ਉਸਦੇ ਕਦਮਾਂ ਨੂੰ
ਪਿਆਰ ਦਾ ਰੱਬ
ਉਸਦੇ ਅੰਦਰ ਸੀ
ਉਸਦਾ ਮਨ ਹੀ
ਉਸਦਾ ਮੰਦਰ ਸੀ
ਉਹ ਕਿਵੇਂ ਰੁਕ ਸਕਦਾ ਸੀ
ਉਹ ਕਿਵੇਂ ਝੁਕ ਸਕਦਾ ਸੀ

ਮੰਜ਼ਿਲਾਂ ਸਰ ਕੀਤੇ ਬਿਨਾਂ
ਉਹ ਕਿੰਜ ਮੁੜ ਸਕਦਾ ਸੀ

-0-

ਉਹ ਪਿਆਰ ਦੇ ਸਫ਼ਰ ਤੇ
ਜਦ ਨਿਕਲਿਆ
ਉਹ ਕੰਡ ਤੇ ਸੂਲੀ
ਸਿਰ ਧਰ ਤਲੀ ਤੇ ਨਿਕਲਿਆ
ਨਾ ਬਿਜਲੀ ਹੀ
ਉਸਦਾ ਆਲ੍ਹਣਾ ਜਲਾ ਸਕੀ
ਨਾ ਨਫ਼ਰਤ ਹੀ
ਉਸਦੀ ਮੁਹੱਬਤ ਮਿਟਾ ਸਕੀ

-0-

ਉਹ ਸਾਗਰ ਸੀ
ਅਡੋਲ ਤੇ ਸ਼ਾਂਤ ਰਿਹਾ
ਉਹ ਤਰ ਕੇ ਸਹਿਰਾ ਵੀ
ਹਰਾ ਰਿਹਾ
ਮੌਤ ਵਿਚਰਦੀ ਰਹੀ
ਉਸ ਦੇ ਪੈਰ ਪੈਰ ਤੇ
ਮੌਤ ਤੇ ਪੈਰ ਧਰ ਧਰ
ਉਹ ਗੁਜ਼ਰਦਾ ਰਿਹਾ

-0-

ਬੜਾ ਛੱਟਿਆ ਦੁਨੀਆਂ
ਪਾ ਕੇ ਛੱਜ 'ਚ ਉਸਨੂੰ

ਬੜਾ ਬਦਨਾਮ ਕੀਤਾ
ਜ਼ਫ਼ਾਵਾਂ ਦੇ ਚੱਜ ਨੇ ਉਸਨੂੰ
ਨਾ ਉਹ ਮੁਰਝਾਇਆ
ਨਾ ਉਸਦੀ ਮਹਿਕ ਹੀ ਮੁੱਕੀ
ਦੁਨੀਆਂ ਦੀ ਨਜ਼ਰ ਦੇ
ਦਿੱਸਹੱਦਿਆਂ ਤਕ
ਉਸਦੀ ਵਫ਼ਾ ਜਾ ਉੱਗੀ

–0–

ਉਸਦਾ ਕਿਰਦਾਰ ਸੀ
ਜ਼ਫ਼ਾ ਨੂੰ ਵਫ਼ਾ ਦਾ ਅਰਘਾ
ਤੇ ਆਪਣੇ ਲਕਸ਼ ਦੀ ਪੂਜਾ
ਉਸਦੀ ਨਜ਼ਰ 'ਚ ਤੇਰੇ ਸਿਵਾ
ਉਸਦਾ ਨਹੀਂ ਸੀ ਹੋਰ ਕੋਈ ਦੂਜਾ
ਜਿਉਂ ਜਿਉਂ
ਤੂੰ ਉਸ ਨੂੰ ਛਾਂਗਿਆ
ਉਹ ਹੋਰ ਵੀ ਵਧਿਆ ਤੇ
ਫੈਲਿਆ
ਤੂੰ ਦੇ ਚਿਹਰੇ 'ਚ ਉਤਰਿਆ
ਤੂੰ ਦੇ ਸਾਹਾਂ 'ਚ ਘੁਲ ਗਿਆ
ਤੂੰ ਦੀ ਪਹਿਚਾਣ ਹੋ ਗਿਆ
ਆਪਣੀ ਪਹਿਚਾਣ ਭੁੱਲ ਗਿਆ

–0–

ਉਹ ਤੂੰ ਦੇ ਸਫ਼ਰ ਦੀ

ਸੂਲੀ ਤੇ ਚੜ੍ਹ ਗਿਆ
ਜ਼ਫ਼ਾਵਾਂ ਦੇ ਸਿਰਾਂ ਤੇ
ਵਫ਼ਾਵਾਂ ਦਾ ਕਰਜ਼ ਕਰ ਗਿਆ
ਹਨ੍ਹੇਰਿਆਂ 'ਚ
ਮੱਘਦੇ ਸੂਰਜ ਧਰ ਗਿਆ
ਕਬਰਾਂ ਦਾ ਅੱਗਾ ਤੇ
ਪਿੱਛਾ ਰੌਸ਼ਨ ਕਰ ਗਿਆ

-0-

ਜੋ ਕੋਈ ਵੀ
ਆਪਣਾ ਅੰਦਰਲਾ ਹਨ੍ਹੇਰਾ
ਪਹਿਚਾਣੇਗਾ
ਤੂੰ ਦਾ ਸੱਚ
ਆਪਣਾ ਝੂਠ ਜਾਣੇਗਾ
ਉਹ ਜਦ ਵੀ
ਆਪਣਾ ਝੂਠ ਹੰਢਾਵੇਗਾ
ਤੂੰ ਦੇ ਸੱਚ 'ਚ ਉਤਰਦਾ
ਹੀ ਜਾਏਗਾ
ਹਨ੍ਹੇਰਿਆਂ ਦਾ ਸਫ਼ਰ ਮੁਕੇਗਾ
ਸੂਰਜਾਂ ਦੇ ਸੂਰਜ ਦਾ
ਤੇਜ਼ ਹੋ ਜਾਏਗਾ

-0-

ਉਹ ਮਰ ਕੇ ਵੀ
ਪੌਣਾਂ ਵਾਂਗ. ਖ਼ੁਸ਼ਬੂ ਵਾਂਗ
ਮਹਿਕਦਾ ਰਹੇਗਾ
ਬਹਾਰਾਂ ਮੌਸਮਾਂ ਰੁੱਤਾਂ ਵਾਂਗ
ਟਹਿਕਦਾ ਰਹੇਗਾ

-0-

ਜੇ ਤਉ ਪ੍ਰੇਮ ਖੇਲਣ ਕਾ ਚਾਉ
ਸਿਰ ਧਰ ਤਲੀ ਗਲੀ ਮੋਰੀ ਆਉ
ਜਿਤ ਮਾਰਗ ਪੈਰ ਧਰੀਜੈ
ਸਿਰ ਦੀਜੈ ਕਾਨ ਨਾ ਕੀਜੈ
ਉਹ
ਕਬੀਰ ਦੇ ਬੋਲਾਂ ਦਾ
ਸੱਚ ਪ੍ਰਗਟਾ ਗਿਆ
ਆਪਣੇ ਵਜੂਦ ਵਿਚਲੇ ਅੰਸ਼ ਦਾ
ਸੱਚ ਪਾ ਗਿਆ

---

## ਸ਼ੀਸ਼ਾ ਤੇ ਪੱਥਰ

ਸ਼ੀਸ਼ੇ ਨੇ
ਆਪਣਾ ਚਿਹਰਾ
ਪੱਥਰ ਚੋਂ ਤੱਕਿਆ
ਪੱਥਰ ਟੁੱਕੜੇ ਟੁੱਕੜੇ ਹੋ ਗਿਆ
ਪੱਥਰ ਦੇ ਹਰ ਟੁੱਕੜੇ ਚੋਂ
ਹਰ ਨਖ਼ਸ਼ ਸ਼ੀਸ਼ੇ ਦਾ
ਉੱਠ ਕੇ ਖਲੋ ਗਿਆ

-0-

ਟੁੱਕੜੇ ਹੋਇਆ ਪੱਥਰ
ਬੋਲਿਆ
ਵੇਖ ਐ ਦਰਪਣ
ਮੇਰੇ ਹਰ ਟੁੱਕੜੇ 'ਚ ਦਰਪਣ
ਸਮਾਇਆ ਹੈ
ਮੇਰੇ ਦਰਪਣ ਨੇ
ਆਪਣੇ ਆਪ ਨੂੰ
ਪੱਥਰ 'ਚ ਬਿਠਾਇਆ ਹੈ
ਕਿ ਮਾਮੂਲੀ ਠੋਕਰ ਸੰਗ
ਤਿੜਕ ਨਾ ਜਾਏ

-0-

ਇਕ ਵਾਰ ਤਿੜਕਿਆ
ਫਿਰ ਆਪਣੀ
ਇਕਾਈ ਨਾਲ ਕਦੀ ਨਹੀਂ
ਜੁੜਦਾ

ਜੇ ਜੁੜ ਵੀ ਜਾਏ ਤਾਂ
ਵਾਲ ਨਜ਼ਰ ਆਵੇਗਾ
ਇਸ ਵਾਲ ਦੀ ਪੀੜਾ
ਦਰਪਣੀ ਨੇਤਰ
ਸਦਾ ਹੰਢਾਏਗਾ

-0-

ਐ ਦਰਪਣ
ਤੇਰੀਆਂ ਨਜ਼ਰਾਂ ਮੇਰੇ 'ਚ
ਝਾਕਿਆ ਹੈ
ਮੈਂ ਤੈਨੂੰ
ਆਪਣਾ ਸੱਚ ਵਿਖਾਲਿਆ ਹੈ
ਤੇਰਾ ਸੱਚ
ਮੇਰੇ 'ਚ ਸਮਾਇਆ ਹੈ
ਮੇਰਾ ਸੱਚ
ਤੇਰੇ 'ਚ ਸਮਾਇਆ ਹੈ
ਪਰ ਸਾਡੇ ਸੱਚ ਨੇ
ਵੱਖਰਾ ਵੱਖਰਾ ਰੰਗ ਰੂਪ
ਤੇ ਵਜ਼ੂਦ ਬਣਾਇਆ ਹੈ

-0-

ਮੈਂ ਆਪਣੇ ਸੱਚ ਦੁਆਲੇ
ਪੱਥਰ ਦੀ ਬੁੱਕਲ ਮਾਰੀ ਹੈ
ਤੂੰ ਆਪਣੇ ਸੱਚ ਤੋਂ
ਹਰ ਪਰਤ ਉਤਾਰੀ ਹੈ
ਜੋ ਮਾਮੂਲੀ ਚੋਟ ਨਾਲ
ਤੂੰ ਤਿੜਕ ਜਾਂਦਾ ਹੈਂ

ਤੇ ਆਪਣੇ 'ਚ ਆਈ
ਆਂਚ ਨੂੰ ਤੂੰ ਭਰ ਨਹੀਂ ਸਕਦਾ
ਸਮੁੰਦਰ ਚਿਹਰਿਆਂ ਦਾ
ਬੇਸ਼ੱਕ ਤੂੰ ਰਿੜਕ ਜਾਂਦਾ ਹੈਂ

-0-

ਮੈਂ ਪੱਥਰ ਹਾਂ
ਪੱਥਰ 'ਚ ਕਦ ਕੋਈ ਝਾਕਦਾ ਹੈ
ਪੱਥਰ ਨੂੰ
ਕਦ ਕੋਈ ਪੁਕਾਰਦਾ ਹੈ
ਪੱਥਰ ਦਾ ਸੱਚ ਜਾਣਨ ਲਈ
ਕਦ ਕੋਈ
ਆਪਣਾ ਆਪ ਪੱਥਰ 'ਚ
ਉਤਾਰਦਾ ਹੈ

-0-

ਪੱਥਰ ਨੂੰ ਰੱਬ ਬਣਾ ਕੇ
ਮਨੁੱਖ ਸਿਰਫ਼ ਮੰਦਰ 'ਚ
ਧਰਦਾ ਹੈ
ਮੰਦਰ 'ਚ ਧਰੇ ਪੱਥਰ ਚੋਂ
ਪੱਥਰ ਦਾ ਨਹੀਂ
ਪੱਥਰ 'ਚ ਧਰਿਆ
ਆਪਣਾ ਆਪ ਪੜ੍ਹਦਾ ਹੈ
ਜੋ ਮਨੁੱਖ ਦਾ ਰੱਬ ਕਹਾਉਂਦਾ ਹੈ
ਜੋ ਮਨੁੱਖ ਨੂੰ ਪੱਥਰ ਚੋਂ ਨਜ਼ਰ
ਆਉਂਦਾ ਹੈ

-0-

ਉਹ ਮਨੁੱਖ ਦਾ
ਆਪਣਾ ਸੰਕਲਪਿਆ
ਸੱਚ ਹੈ
ਪੱਥਰ ਦਾ ਸੱਚ ਨਹੀਂ
ਪੱਥਰ ਦਾ ਸੱਚ
ਜਿਸ ਮਨੁੱਖ ਨੇ ਵੀ
ਪਾਇਆ ਹੈ
ਉਸ ਨੂੰ ਸੰਕਲਪਿਆ ਰੱਬ ਨਹੀਂ
ਉਸ ਨੂੰ ਪੱਥਰ 'ਚ ਵਸਦਾ
ਪੱਥਰ ਦਾ ਯਥਾਰਥ ਰੱਬ
ਨਜ਼ਰ ਆਇਆ ਹੈ
ਜੋ ਬੋਲਦਾ ਤੁਰਦਾ ਫ਼ਿਰਦਾ
ਤੇ ਪੁਰਸ਼ਾਰਥ ਕਰਦਾ ਹੈ
ਧੰਨੇ ਦੇ ਹੱਲ ਵਾਹੁੰਦਾ ਹੈ
ਖੇਤਾਂ ਨੂੰ ਪਾਣੀ ਲਾਉਂਦਾ ਹੈ
ਧੰਨੇ ਦੇ ਖੇਤਾਂ ਚੋਂ ਅੱਜ ਵੀ
ਰੱਬ ਨਜ਼ਰ ਆਉਂਦਾ ਹੈ

-0-

ਸ਼ੀਸ਼ੇ ਨੇ
ਆਪਣਾ ਚਿਹਰਾ ਪੱਥਰ ਚੋਂ ਤੱਕਿਆ
ਪੱਥਰ ਟੁੱਕੜੇ ਟੁੱਕੜੇ ਹੋ ਗਿਆ
ਪੱਥਰ ਦੇ ਹਰ ਟੁੱਕੜੇ ਚੋਂ
ਹਰ ਨਕ਼ਸ਼ ਸ਼ੀਸ਼ੇ ਦਾ
ਉੱਠ ਕੇ ਖਲੋ ਗਿਆ

---

## ਦਿਲ ਦੇ ਦਾਗ਼

ਮੈਂ ਦਿਲ ਦੇ ਦਾਗ਼ ਧੋਂਦਾ ਹਾਂ
ਤਾਂ ਰੋਂਦਾ ਹਾਂ
ਮੈਂ ਕਿਉਂ
ਤੇਰੀਆਂ ਨਜ਼ਰਾਂ 'ਚ ਤੱਕਿਆ
ਕਿਉਂ
ਤੇਰੇ ਲਹੂ 'ਚ ਸਮਾਇਆ
ਕਿਉਂ
ਆਪਣੇ ਅੰਦਰ
ਜ਼ਖ਼ਮਾਂ ਦਾ ਜੰਗਲ ਉੱਗਾਇਆ

-0-

ਨਾ ਤੇਰੀ ਚੁੱਪ ਹੀ ਟੁੱਟੀ
ਨਾ ਪਰਤ ਕੇ ਵੇਖਿਆ ਹੀ ਤੂੰ
ਨਾ ਆਪਣੀ ਖ਼ੁਸ਼ਬੂ
ਪੌਣਾਂ 'ਚ ਘੋਲੀ
ਨਾ ਕੋਈ ਬੋਲ ਹੀ ਬੋਲੀ
ਆਪਣੀ ਸ਼ਰਮੋ ਹਜ਼ਾ
ਦੁਆਲੇ ਲਪੇਟ ਲਈ
ਸੁੰਦਰਤਾ ਆਪਣੇ 'ਚ
ਸਮੇਟ ਲਈ
ਹੱਥਾਂ ਨਾਲ ਚਿਹਰਾ
ਢੱਕ ਲਿਆ
ਮੇਰਾ ਦਿਲ ਹੋ ਗਿਆ ਤੇਰਾ

ਤੂੰ ਆਪਣਾ ਦਿਲ
ਆਪਣੇ ਹੀ ਕੋਲ ਰੱਖ ਲਿਆ

-0-

ਤੂੰ ਆਪਣੇ ਅੰਦਰ
ਇਨ੍ਹੀ ਉਤਰ ਗਈ
ਕਿ ਪਰਤਣ ਦਾ ਰਾਹ ਭੁੱਲ ਗਈ
ਕਿ ਤੇਰੀ ਸਰਦਲ ਤੇ
ਖੜ੍ਹਾ ਹੈ ਕੋਈ
ਤੇਰੀ ਇਕ ਝਲਕ ਵੇਖਣ ਲਈ
ਧਰਤੀ ਸੰਗ ਮਿਲਦਾ
ਫ਼ਲਕ ਵੇਖਣ ਲਈ

-0-

ਤੇਰੀ ਸੁੰਦਰਤਾ
ਆਪਣੇ ਦੁਆਲੇ ਸਿਰਜਦਾ
ਹੀ ਸਿਰਜਦਾ
ਮੈਂ ਆਪਣੀ ਸ਼ਕਲੋਂ ਸੂਰਤ
ਭੁੱਲ ਗਿਆ
ਤੇਰੀਆਂ ਨਜ਼ਰਾਂ ਦਾ ਹੋ ਗਿਆ
ਤੇਰੇ ਰੰਗ ਰੂਪ 'ਚ ਘੁਲ ਗਿਆ
ਮੇਰੀ ਪਹਿਚਾਣ ਨਾ ਰਹੀ
ਤੇਰੇ ਅੰਗਾਂ ਤੇ ਨਕਸ਼ਾਂ 'ਚ
ਉਤਰ ਗਿਆ

ਤੇਰਾ ਚਿਹਰਾ ਹੀ ਨਜ਼ਰ
ਆਇਆ
ਮੈਂ ਜਿੱਧਰ ਵੀ ਗਿਆ

-0-

ਦਿਲ ਦੇ ਹਰ ਜ਼ਖ਼ਮ 'ਚ
ਤੇਰਾ ਚਿਹਰਾ ਹੈ
ਜਿਉਂ ਜਿਉਂ ਧੋਂਦਾ ਹਾਂ
ਇਹ ਹੋਰ ਨਿੱਖਰਦਾ ਹੈ
ਮੇਰੀ ਦ੍ਰਿਸ਼ਟੀ ਤੇ ਚੇਤਨਾ 'ਚ
ਫੈਲਦਾ ਹੈ
ਮੇਰੇ ਮਸਤਕ 'ਚ ਜਗਦਾ ਹੈ
ਹਰ ਜ਼ਖ਼ਮ ਹੁਣ ਮੈਨੂੰ
ਮੇਰਾ ਨਹੀਂ ਆਪਣਾ ਲੱਗਦਾ ਹੈ

-0-

ਪਹਿਲਾਂ
ਮੈਂ ਇਨ੍ਹਾਂ ਨੂੰ ਮੇਟਣ ਲਈ
ਧੋਂਦਾ ਸਾਂ
ਹੁਣ ਧੋਂਦਾ ਹਾਂ
ਕਿ ਇਨ੍ਹਾਂ ਤੇ ਮੈਲ ਨਾ ਜੰਮ ਜਾਏ
ਸਦਾ ਖਿੜੇ ਤੇ ਹਰੇ ਰਹਿਣ
ਦਿਲ 'ਚ ਧਰੇ ਰਹਿਣ
ਇਹ ਤੇਰੇ ਪਿਆਰ ਦੇ ਟੁਕੜੇ ਨੇ
ਮੈਂ ਇਨ੍ਹਾਂ ਨੂੰ ਲਹੂ ਸੰਗ ਸਿੰਜਦਾ ਰਹਾਂਗਾ
ਸੰਭਾਲਦਾ ਰਹਾਂਗਾ
ਗੋਲਿਆਂ ਕਬੂਤਰਾਂ ਵਾਂਗ ਪਾਲਦਾ
ਰਹਾਂਗਾ

---

# ਸਿਰਜਣਾ ਤੇ ਬਿਨਸਣਾ

ਇਹ ਜੋ ਵਿਸ਼ਵ ਦਾ
ਵਜੂਦ ਫੱਟਿਆ ਹੈ
ਇਸਨੇ ਦੇਸ਼ ਪ੍ਰਾਂਤ
ਸ਼ਹਿਰ ਤੇ ਪਿੰਡ ਨੂੰ
ਆਪਣਾ ਸੱਚ ਦੱਸਿਆ ਹੈ

-0-

ਦੇਸ ਦੇਸ ਵੱਲ
ਪ੍ਰਾਂਤ ਪ੍ਰਾਂਤ ਵੱਲ ਦੌੜਿਆ ਹੈ
ਸ਼ਹਿਰ ਸ਼ਹਿਰ ਵੱਲ
ਪਿੰਡ ਪਿੰਡ ਵੱਲ ਦੌੜਿਆ ਹੈ
ਵਿਸ਼ਵ ਦਾ ਤਿੜਕਿਆ ਚਿਹਰਾ
ਸਾਰੀ ਧਰਤੀ ਤੇ ਫੈਲਿਆ ਹੈ

-0-

ਜਿਵੇਂ ਸੂਰਜ ਤਿੜਕਦਾ ਹੈ
ਕਿਰਨਾਂ 'ਚ ਫੈਲ ਜਾਂਦਾ ਹੈ
ਸਮੁੰਦਰ ਬੂੰਦ ਬੂੰਦ ਹੋ ਜਾਂਦਾ ਹੈ
ਸਹਿਰਾ ਜ਼ਰਾ ਜ਼ਰਾ
ਧਰਤੀ ਕਿਣਕਾ ਕਿਣਕਾ ਹੋ ਜਾਂਦੀ ਹੈ
ਅਕਾਸ਼
ਚੰਨਾਂ ਸੂਰਜਾਂ ਤਾਰਿਆਂ ਨਖ਼ਸ਼ਤਰਾਂ
ਦੇ ਟੁਕੜਿਆਂ 'ਚ ਬਦਲ ਜਾਂਦਾ ਹੈ

-0-

ਇਹ ਤਿੜਕਣਾ
ਜਾਂ ਤਕਸੀਮੇ ਜਾਣਾ
ਜਮ੍ਹਾਂ ਦੀ ਇਕਾਈ ਹੈ
ਸਰਬਵਿਆਪਕਤਾ ਦੀ
ਸੱਚਾਈ ਹੈ

-0-

ਵਜ਼ੂਦ ਦਾ ਤਿੜਕਣਾ
ਪੁਰਜਾ ਪੁਰਜਾ ਹੋਣਾ ਨਹੀਂ ਹੁੰਦਾ
ਤਿੜਕੇ ਵਜ਼ੂਦ ਨੂੰ
ਆਪਣੀ ਇਕਾਈ ਦਾ
ਅਹਿਸਾਸ ਹੁੰਦਾ ਹੈ
ਉਸ 'ਚ ਆਪਣੀ ਪਹਿਚਾਣ
ਆਪਣੇ ਸੱਚ ਦਾ
ਆਗਾਜ਼ ਹੁੰਦਾ ਹੈ
ਤਿੜਕਿਆ ਵਜ਼ੂਦ
ਆਪਣੀ ਨਿਰਬਲਤਾ
ਪਹਿਚਾਣਦਾ ਹੈ
ਆਪਣੀ ਇਕਾਈ ਦਾ ਬਲ
ਤੇ ਸੱਚ ਜਾਣਦਾ ਹੈ

-0-

ਮਨੁੱਖ ਜਦ ਰਾਖ਼ ਹੁੰਦਾ ਹੈ
ਉਦੋਂ ਹੀ
ਉਸਨੂੰ ਆਪਣੇ ਸੱਚ

ਆਪਣੀ ਹੋਂਦ ਦਾ
ਅਹਿਸਾਸ ਹੁੰਦਾ ਹੈ.

–0–

ਵਿਸ਼ਵ ਸੂਰਜ
ਸਮੁੰਦਰ ਸਹਿਰਾ
ਧਰਤ ਅਕਾਸ਼
ਜਦ ਤਿੜਕਦੇ ਹਨ
ਆਪਣੇ ਅੰਗਾਂ ਤੇ ਨਖ਼ਸ਼ਾਂ 'ਚ
ਬਿਖ਼ਰਦੇ ਹਨ
ਇਹ ਤਿੜਕਣਾ
ਜਾਂ ਤਕਸੀਮੇ ਜਾਣਾ
ਜਮ੍ਹਾਂ ਦੀ ਇਕਾਈ ਹੈ
ਸਰਬਵਿਆਪਕਤਾ ਦੀ
ਸੱਚਾਈ ਹੈ

–0–

ਕੁਦਰਤ ਦਾ ਸਿਰਜਣਾ
ਤੇ ਬਿਨਸਣਾ ਸਿਧਾਂਤ ਹੈ
ਕਦੀ ਇਹ ਸਿਰਜਣਾ
ਬਿਨਸਣ ਚੋਂ ਹੁੰਦੀ ਹੈ
ਕਦੀ ਇਹ ਬਿਨਸਣਾ
ਸਿਰਜਣਾ ਚੋਂ ਹੁੰਦੀ ਹੈ
ਪਰ ਸੱਚ
ਸਿਰਜਣਾ ਤੋਂ ਬਿਨੰਸਣਾ
ਵੱਲ ਤੁਰਦਾ ਵੀ ਸੱਚ ਹੈ

ਬਿਨਸਣਾ ਤੋਂ ਸਿਰਜਣਾ
ਵੱਲ ਤੁਰਦਾ ਵੀ ਸੱਚ ਹੈ
ਸੱਚ ਨਾ ਬਿਨਸਣਾ ਹੈ
ਨਾ ਸਿਰਜਣਾ ਹੈ
ਬਿਨਸਣਾ ਤੇ ਸਿਰਜਣਾ
ਸਿਰਫ਼ ਵਜ਼ੂਦ ਦਾ ਸੱਚ ਹੈ
ਸੱਚ ਦਾ ਸੱਚ ਨਹੀਂ

-0-

ਇਹ ਜੋ ਵਿਸ਼ਵ ਦਾ
ਵਜ਼ੂਦ ਫੱਟਿਆ ਹੈ
ਇਸ ਨੇ ਦੇਸ਼ ਪ੍ਰਾਂਤ
ਸ਼ਹਿਰ ਤੇ ਪਿੰਡ ਨੂੰ
ਆਪ੍ਣਾ ਸੱਚ ਦੱਸਿਆ ਹੈ

---

# ਨੀਂਦਰ ਤੇ ਸੁਫ਼ਨਾਂ

ਸੱਜਣਾ
ਤੇਰੇ ਸੁਫ਼ਨੇ ਲਈ
ਲੱਖਾਂ ਅੱਖ਼ੀਆਂ ਤਰਿਹਾਈਆਂ
ਲੱਖਾਂ ਮੌਸਮ ਰੁੱਤਾਂ ਬਹਾਰਾਂ
ਤਾਂਘ ਤੇਰੇ ਸੁਫ਼ਨੇ ਦੀ ਖ਼ਾਤਰ
ਮੇਰੀ ਦੇਹ ਵਿਚ ਉਤਰ ਆਈਆਂ

-0-

ਬਣਕੇ ਸੁਫ਼ਨਾ
ਜੇ ਇਕ ਦਿਨ ਤੂੰ
ਮੇਰੀ ਨੀਂਦਰ ਵਿਚ ਆਵੇਂ
ਮੇਰੇ ਅੰਦਰ
ਸੂਰਜ ਚੜ੍ਹ ਜਾਵਣ
ਰੂਪ ਤੇਰੇ ਦਾ ਨੂਰ ਸਮਾਵੇ
ਮੈਂ ਤੇਰੇ ਵਿਚ ਉਤਰ ਜਾਵਾਂ
ਫ਼ਿਰ ਕਦੀ ਨਾ
ਆਪਣੇ ਆਪ 'ਚ ਵਾਪਿਸ ਆਵਾਂ

-0-

ਜੇ ਤੂੰ ਮੇਰੀ ਨੀਂਦਰ ਪ੍ਣਾਏਂ
ਮੈਂ ਤੇਰੇ ਵਿਚ ਘੁਲ ਜਾਵਾਂ
ਮੀਚ ਲਵਾਂ ਸਦਾ ਲਈ ਅੱਖ੍ਹਾਂ
ਕਬਰਾਂ ਵਿਚ
ਤੇਰਾ ਰੂਪ ਹੰਢਾਵਾਂ

ਤੇਰਿਆਂ ਸਾਹਾਂ ਦੇ ਵਿਚ
ਮਹਿਕਾਂ
ਤੇਰੀ ਨਜ਼ਰ ਦੇ
ਦਿਸਹੱਦਿਆਂ ਤੱਕ ਖਿਲਰ ਜਾਵਾਂ

-0-

ਸੱਜਣਾ
ਤੇਰੀਆਂ ਜ਼ੁਲਫ਼ਾਂ ਦੀਆਂ ਘਟਾਵਾਂ
ਜੇ ਮੇਰੀ ਦੁਨੀਆਂ ਦੀ
ਨਗਰੀ ਆਵਣ
ਮੇਰੀ ਨਗਰੀ ਦਾ ਹਰ ਕੂਚਾ
ਗਲੀਆਂ ਸੜਕਾਂ
ਚੌਕ ਚੌਰਾਹੇ
ਵਿਚ ਘਟਾਵਾਂ ਦੇ ਭਿੱਜ ਜਾਵਣ
ਮੇਰੀ ਨਗਰੀ ਦੇ ਪਿੰਡੇ ਚੋਂ
ਬਣ ਬਣ ਸਾਵਣ
ਉੱਗਦੀਆਂ ਆਵਣ

-0-

ਸੱਜਣਾ
ਤੇਰੇ ਮੌਸਮ ਰੁੱਤ ਬਹਾਰਾਂ
ਜੇ ਮੇਰੀ ਨਗਰੀ ਫੇਰਾ ਪਾਵਣ
ਮੇਰੀ ਨਗਰੀ ਦੀਆਂ ਖ਼ੁਸ਼ਬੂਆਂ
ਆਪਣੇ ਮੁਕਲਾਵੀਂ ਤੁਰ ਜਾਵਣ
ਸਰਹੱਦਾਂ ਤੋਂ ਫੌਜੀ ਪਰਤਣ
ਆਪਣੀਆਂ ਆਪਣੀਆਂ
ਨਾਰਾਂ ਸੰਗ ਰੰਗੇ ਜਾਵਣ

-0-

ਸੱਜਣਾ
ਜੇ ਤੇਰਾ ਸਾਇਆ
ਮੇਰੇ ਦਰ ਆਵੇ
ਮੇਰੇ ਵਿਹੜੇ
ਥਾਲ ਗਗਨ ਦਾ ਉਤਰ ਆਵੇ
ਮੇਰੀ ਛੱਤ ਨੂੰ ਚੰਨ ਤਾਰੇ ਮੱਲਣ
ਮੇਰੇ ਘਰ ਵਿਚ
ਸੂਰਜ ਜਗਣ
ਮਹਿਕ ਧਰਤ ਦੀ
ਮੇਰੇ ਵਿਹੜੇ ਖਿਲਰ ਜਾਵੇ
ਮੇਰਾ ਵਿਹੜਾ
ਤੇਰੇ ਸਾਏ ਦਾ ਸੱਚ ਕਹਾਵੇ

-0-

ਸੱਜਣਾ
ਜੇ ਤੂੰ ਆਪ ਮੇਰੇ ਘਰ ਆਵੇਂ
ਮੇਰਾ ਘਰ ਤੇਰਾ ਹੋ ਜਾਵੇ
ਆਪਣੀ ਹੋਂਦ ਪਹਿਚਾਣ ਮਿਟਾਵੇ
ਤੇਰੀ ਹੋਂਦ
ਪਹਿਚਾਣ ਹੋ ਜਾਵੇ
ਮੇਰੇ ਘਰ ਨੂੰ ਨਾ ਗਲੀਆਂ
ਨਾ ਨਗਰੀ ਪਹਿਚਾਣੇ
ਤੇਰਾ ਮੁੱਖ ਤੱਕੇ ਤਾਂ ਜਾਣੇ
ਤੇਰਾ ਚਿਹਰਾ ਮੇਰਾ ਘਰ ਹੈ
ਤੂੰ ਨਹੀਂ ਤਾਂ ਘਰ ਬੇਘਰ ਹੈ

---

## ਮਹਿੰਦੀ ਵਾਲੀਆਂ ਤਲੀਆਂ

ਤੇਰੇ ਹੱਥਾਂ ਤੇ
ਜੋ ਮਹਿੰਦੀ ਲਗਦੀ ਹੈ
ਲਗਦੈ
ਤੇਰੇ ਦਿਲ ਅੰਦਰ ਅੱਗ
ਬਲਦੀ ਹੈ
ਜੋ ਸਾਰੀ ਕਾਇਨਾਤ
ਫੂਕਣਾ ਚਾਹੁੰਦੀ ਹੈ
ਆਪਣੀ ਚੁੱਪ ਤੋੜਕੇ
ਧਰਤੀ ਤੋਂ ਅੰਬਰ ਤਕ
ਕੂਕਣਾ ਚਾਹੁੰਦੀ ਹੈ

–0–

ਮਹਿੰਦੀ ਵਾਲੇ ਪੈਰ
ਤੁਰੇ ਨੇ ਜਿਸ ਪਾਸੇ
ਉਨ੍ਹਾਂ ਦੇ ਨਾ ਰਾਹ ਮੰਜ਼ਿਲ
ਹਨ ਉਸ ਪਾਸੇ
ਮਹਿੰਦੀ ਵਾਲੇ ਹੱਥ
ਜਿਸ ਘਰ ਦਾ ਦਰ ਖੋਲ੍ਹਦੇ ਹਨ
ਅਸੀਂ ਨਾ ਤੇਰੇ
ਅਸੀਂ ਨਾ ਤੇਰੇ
ਉਸ ਘਰ ਦੀਆਂ
ਕੰਧਾਂ ਛੱਤਾਂ ਬੋਲਦੇ ਹਨ

–0–

ਉਹ ਜਿਸ ਬਿੰਦੂ ਦੀ

ਪ੍ਰਕਰਮਾਂ ਕਰਦੀ ਹੈ
ਆਪਾ ਭੁੱਲ ਜਾਵਣ ਦਾ
ਸਾਗਰ ਤਰਦੀ ਹੈ
ਉਹ ਸੱਜੀ ਧੱਜੀ ਬੈਠੀ ਹੈ
ਜਿਸ ਦਰ ਉੱਤੇ
ਉਸ ਦਰ ਦੀ ਦੁਨੀਆਂ
ਉਸ ਲਈ ਬੇਗਾਨੀ ਹੈ
ਉਹ ਜਿਸ ਰੱਬ ਤੇ ਸ਼ਰਧਾ
ਰੱਖਦੀ ਹੈ
ਉਹ ਪੱਥਰ ਦਾ ਬੁੱਤ ਹੈ
ਭਰਮ ਕਹਾਣੀ ਹੈ

-0-

ਉਸਨੇ
ਆਪਣੀ ਚੁੱਪ ਜੇ ਤੋੜੀ ਨਾ
ਆਪਣੇ ਆਪ ਨੂੰ ਸੁਣਿਆ ਨਾ
ਤੁਰ ਪਈ ਜੇ ਉਹ
ਉਨ੍ਹਾਂ ਰਾਹਾਂ ਤੇ
ਜੋ ਸ਼ਬਦਾਂ
ਉਸ ਦੇ ਪੈਰਾਂ ਹੇਠ ਵਿਛਾਏ ਨੇ
ਤਾਂ ਉਸ ਦੀ ਧਰਤੀ
ਉਸ ਦਾ ਅਰਥ ਪਿੱਛੇ ਰਹਿ ਜਾਏਗਾ
ਸ਼ਬਦਾਂ ਦੇ ਵਿਛਾਏ ਰਾਹ
ਉਸ ਨੂੰ ਲੈ ਜਾਵਣਗੇ ਦੂਰ

ਹਨ੍ਹੇਰਿਆਂ ਖੂਹਾਂ 'ਚ
ਉਤਰਨ ਲਈ
ਕਰ ਦੇਣਗੇ ਮਜ਼ਬੂਰ
ਜਿਨ੍ਹਾਂ ਚੋਂ ਨਿਕਲਣਾ
ਉਸ ਲਈ ਸੰਭਵ ਹੋ ਨਹੀਂ ਸਕਣਾ
ਦਿਲ ਦੇ ਦਾਗ਼ ਰਹਿਣਗੇ ਧੁੱਖਦੇ
ਪਰ ਅੱਖੀਆਂ ਨੇ ਰੋ ਨਹੀਂ ਸਕਣਾ

-0-

ਉਸ ਨੂੰ
ਆਪਣੀ ਚੁੱਪ ਤੋੜਨੀ ਹੋਵੇਗੀ
ਆਪਣੇ ਸੱਚ ਦੀ
ਗੂੰਜ ਉਚਾਰਨੀ ਹੋਵੇਗੀ
ਆਪਣੇ ਦੁਆਲੇ
ਗੁਮਸ਼ੁਦਾ ਹੋਣ ਦੀ
ਜੋ ਉਸ ਫੁੱਲਕਾਰੀ ਓੜੀ ਹੈ
ਉਹ ਫੁੱਲਕਾਰੀ
ਉਸਨੂੰ
ਲਾਹੁਣੀ ਹੋਵੇਗੀ
ਆਪਣੀ ਸੁਤੰਤਰਤਾ ਦੇ
ਸੱਚ ਤੋਂ
ਪਰਤ ਉਠਾਉਣੀ ਹੋਵੇਗੀ

-0-

ਉਸਨੂੰ
ਆਪਣਾ ਘੁੰਡ ਉਠਾ ਕੇ
ਆਪਣੇ ਚਿਹਰੇ ਤੇ ਅੱਖਾਂ
ਵਿਚ ਵਸਦਾ
ਦਿਲ ਦਾ ਸੱਚ ਵਿਖਾਉਣਾ
ਪੈਣਾ ਹੈ
ਆਪਣਾ ਅਰਥ
ਜਿਉਂਦਾ ਰੱਖਣ ਖ਼ਾਤਿਰ
ਸ਼ਬਦਾਂ ਨੂੰ
ਸੂਲੀ ਤੇ ਚੜ੍ਹਾਉਣਾ ਪੈਣਾ ਹੈ

-0-

ਉਸ ਨੇ
ਅੰਦਰੋਂ ਬਾਹਰ ਨਿਕਲ ਕੇ
ਆਪਣਾ ਘੁੰਡ ਉਤਾਰਿਆ
ਵਾਂਗ ਸ਼ੇਰਨੀ ਗਰਜੀ ਉਹ
ਤੇ ਆਪਣਾ ਸੱਚ
ਧਰਤੀ ਤੋਂ ਅੰਬਰ ਤੱਕ
ਉਚਾਰਿਆ
ਅੰਬਰ ਫੱਟਿਆ
ਧਰਤੀ ਤਿੜਕੀ
ਤਿੜਕੀ ਧਰਤੀ ਚੋਂ ਉਸਦਾ
ਸੱਚ ਪ੍ਰਗਟਿਆ
ਤੇ ਉਸ ਦੇ ਸਾਵੇਂ ਆਣ ਖਲੋਇਆ

ਫਿਰ ਅੰਬਰ ਚੋਂ
ਸੂਰਜਾਂ ਚੰਨਾਂ ਤਾਰਿਆਂ ਦੀ
ਉਤਰੀ ਬਰਾਤ
ਅਰਥ ਬਿਠਾ ਕੇ ਸੋਨੇ ਦੇ ਰੱਥ ਤੇ
ਉਸਦੇ ਸੱਚ ਦੀ
ਉਸਦੇ ਵਿਹੜੇ ਆਈ ਸੌਗਾਤ

-0-

ਉਸਨੇ ਅਰਥ ਦੀ ਬਾਂਹ ਫੜੀ
ਤੇ
ਆਪਣੇ ਅੰਦਰ ਉਤਰ ਗਈ
ਜਿੱਥੇ ਅਰਥ ਦਾ ਸੱਚ ਵੱਸਦਾ ਸੀ
ਜਿੱਥੇ ਉਸਦਾ
ਆਪਣਾ ਘਰ ਸੰਸਾਰ ਸੀ
ਆਪਣੇ ਮੌਸਮ
ਆਪਣੀਆਂ ਰੁੱਤਾਂ
ਆਪਣੇ ਰੰਗਾਂ ਦੀ ਬਹਾਰ ਸੀ

-0-

ਬਾਹਰ ਵਿਹੜੇ ਵਿਚ
ਸ਼ਬਦਾਂ ਦੇ ਤਿੜਕੇ ਚਿਹਰੇ
ਬਿਖ਼ਰੇ ਪਏ ਸਨ
ਆਪਣੇ ਦੁਆਲੇ ਮੌਤ ਦੀ
ਬੁੱਕਲ ਮਾਰ
ਆਪਣੇ ਆਪ 'ਚ
ਚੁੱਪ ਤੇ ਸੁੰਨ ਉਤਾਰ

---

## ਪ੍ਰਛਾਵੇਂ

ਮੇਰੇ ਅੰਦਰ ਪ੍ਰਛਾਵੇਂ ਹਨ
ਬਾਹਰ ਪ੍ਰਛਾਵੇਂ ਹਨ
ਪ੍ਰਛਾਵਿਆਂ ਦੀ ਭੀੜ ਹੈ
ਮੇਰੇ ਦੁਆਲੇ
ਪ੍ਰਛਾਵੇਂ ਗਲੀਆਂ 'ਚ ਘਰਾਂ 'ਚ
ਸੜਕਾਂ ਤੇ ਬਜ਼ਾਰਾਂ 'ਚ
ਪ੍ਰਛਾਵੇਂ ਚੌਕਾਂ ਚੌਰਾਹਿਆਂ 'ਚ
ਪ੍ਰਛਾਵੇਂ ਆਪਣੇ ਪਰਾਇਆਂ 'ਚ

-0-

ਇਹ ਪ੍ਰਛਾਵੇਂ
ਆਪਣੀਆਂ ਦੇਹਾਂ ਕਬਰਾਂ
ਤਿਆਗ
ਸ਼ਹਿਰ ਦੇ ਵਿਚ ਆ ਗਏ ਹਨ
ਦੁਬਾਰਾ ਜਿਉਣ ਲਈ
ਇਨ੍ਹਾਂ ਨੇ
ਪਹਿਲੇ ਜਨਮ ਦਾ
ਮੌਤ ਦੀ ਕਬਰ 'ਚ ਪ੍ਰਯੋਗ ਕੀਤਾ ਹੈ
ਆਪਣੇ ਵਿਚਰਨ ਧਰਾਤਲ ਦਾ
ਸੱਚ ਤੇ ਕੂੜ ਪਹਿਚਾਣਿਆ ਹੈ
ਆਪਣੇ ਪੁੰਨਾਂ ਤੇ ਪਾਪਾਂ ਦਾ
ਹਿਸਾਬ ਜਾਣਿਆ ਹੈ

ਹੁਣ ਇਹ ਜਾਣਦੇ ਹਨ
ਕਿ ਇਹ ਇਕ ਵਾਰ ਜਨਮ ਕੇ
ਮਰਨਗੇ ਨਹੀਂ
ਧਰਤੀ ਤੇ ਸ਼ਮਸ਼ਾਨ
ਸ਼ਮਸ਼ਾਨ 'ਚ ਕਬਰਾਂ
ਧਰਨਗੇ ਨਹੀਂ

–0–

ਹੁਣ ਇਹ
ਆਪਣੇ ਘਰਾਂ 'ਚ ਰੱਬ ਦੇ ਨਹੀਂ
ਮੌਤ ਦੇ ਬੁੱਤ ਉਸਾਰਦੇ ਹਨ
ਜਿਉਂਦੇ ਜੀਅ
ਆਪਣੇ ਹੀ ਸਿਵੇ
ਆਪਣਿਆਂ ਵਿਹੜਿਆਂ 'ਚ
ਬਾਲਦੇ ਹਨ
ਜ਼ਿੰਦਗੀ ਦੀ ਰਾਸ ਨੂੰ
ਮੌਤ ਦੇ ਕੜਾਹੇ 'ਚ ਪਾ
ਉਬਾਲਦੇ ਹਨ
ਜ਼ਿੰਦਗੀ ਦੀਆਂ ਰੌਣਕਾਂ 'ਚ
ਉਜਾੜਾਂ ਤੇ ਇਕਾਂਤਾਂ
ਉੱਗਾਉਂਦੇ ਹਨ
ਆਪਣੇ ਆਪ 'ਚ
ਚੁੱਪ ਬੀਜਦੇ ਹਨ
ਆਪਣੇ ਆਪ ਨੂੰ
ਜਿਉਂਦੇ ਮੁਰਦੇ ਅਖਵਾਉਂਦੇ ਹਨ

–0–

ਇਹ ਸਾਏ ਹਨ
ਇਨ੍ਹਾਂ ਦਾ ਸੱਚ ਕਬਰਾਂ 'ਚ
ਪਿਆ ਹੈ
ਇਹ ਆਪਣਾ ਝੂਠ ਜੀਅ
ਰਹੇ ਹਨ
ਆਪਣਾ ਝੂਠ ਖਰਚ ਰਹੇ ਹਨ
ਆਪਣੇ ਦੁਆਲੇ
ਇਨ੍ਹਾਂ ਰਿਸ਼ਤਿਆਂ ਦੇ ਦਾਇਰੇ
ਵਾਹੇ ਹਨ
ਇਹ ਇਕੱਲੇ ਹੀ ਜਨਮੇਂ ਸਨ
ਇਕੱਲੇ ਹੀ ਮਰਨਗੇ
ਇਕੱਲੇ ਹੀ ਜੀਣਗੇ
ਇਕੱਲੇ ਹੀ ਆਏ ਹਨ
ਇਨ੍ਹਾਂ
ਆਪਣੇ ਚੋਂ ਆਪਣਾ
ਲੋਭ ਮੋਹ ਕਾਮ ਕ੍ਰੋਧ ਤੇ ਹੰਕਾਰ
ਨਿਚੋੜ ਦਿੱਤਾ ਹੈ
ਤੇ ਆਪਣੇ ਜੀਵਨ 'ਚ
ਮੌਤ ਦਾ ਰੰਗ ਘੋਲ ਦਿੱਤਾ ਹੈ

-0-

ਇਹ ਸੂਰਜ ਚੜ੍ਹਣ ਤੇ
ਜਦ ਜ਼ਿੰਦਗੀ ਉਦੈ ਹੁੰਦੀ ਹੈ
ਸੌਂਦੇ ਹਨ

ਸੂਰਜ ਡੁੱਬਣ ਤੇ
ਜ਼ਿੰਦਗੀ ਜਦ ਅਸਤ ਹੁੰਦੀ ਹੈ
ਤਾਂ ਜਾਗਦੇ ਹਨ
ਇਨ੍ਹਾਂ ਨੇ
ਆਪਣਿਆਂ ਮੱਥਿਆਂ ਤੇ
ਕਿਸਮਤ ਦਾ ਨਾਂ
ਮੌਤ ਲਿੱਖਵਾਇਆ ਹੈ
ਆਪਣੇ ਸ਼ਹਿਰ ਦਾ ਨਾਂ
ਸ਼ਮਸ਼ਾਨ ਰੱਖਿਆ ਹੈ

–0–

ਇਹ ਪ੍ਰਾਣਾਂ ਬਿਨ
ਕੁੱਝ ਖਾਂਦੇ ਨਾ ਪੀਂਦੇ ਹਨ
ਇਨ੍ਹਾਂ ਦੀ ਭਾਸ਼ਾ ਚੁੱਪ ਹੈ
ਇਨ੍ਹਾਂ ਦੇ ਘਰਾਂ ਚ
ਉਜਾੜਾਂ ਹਨ
ਪਤਝੜਾਂ ਹਨ
ਇਕੱਲਤਾ ਦਾ ਬੋਲਬਾਲਾ ਹੈ
ਇਨ੍ਹਾਂ ਦੇ ਪੈਰਾਂ ਦੀ ਧਰਤੀ
ਘੁੰਮਦੀ ਨਹੀਂ
ਇਨ੍ਹਾਂ ਦੇ ਸਿਰ ਦਾ ਅੰਬਰ
ਭੌਂਦਾ ਨਹੀਂ

–0–

ਇਨ੍ਹਾਂ ਦੇ ਦਰਿਆ
ਨਦੀਆਂ ਸਾਗਰ

ਸਭ ਰੇਤ ਨਾਲ ਭਰੇ ਹਨ
ਇਨ੍ਹਾਂ ਦੀ ਪ੍ਰਕਿਰਤੀ 'ਚ
ਹਰਿਆਵਲ ਨਹੀਂ
ਫੁੱਲਾਂ 'ਚ ਰੰਗ ਨਹੀਂ
ਕਲੀਆਂ 'ਚ ਮਹਿਕ ਨਹੀਂ
ਇਹ ਹਨ੍ਹੇਰੇ 'ਚ ਰਹਿੰਦੇ ਹਨ
ਹਨ੍ਹੇਰੇ 'ਚ ਜਿਉਂਦੇ ਹਨ
ਹਨ੍ਹੇਰੇ 'ਚ ਇਨ੍ਹਾਂ ਦੇ
ਪ੍ਰਛਾਵੇਂ ਨਜ਼ਰ ਆਉਂਦੇ ਹਨ
ਇਹ ਇਕ ਦੂਜੇ ਨੂੰ
ਜਦ ਮਿਲਦੇ ਹਨ
ਚੁੱਪ ਦੀ ਭਾਸ਼ਾ 'ਚ ਸਲਾਮ
ਕਹਿੰਦੇ ਹਨ
ਚੁੱਪ ਦੀ ਭਾਸ਼ਾ 'ਚ
ਮੌਤ ਸੱਚ ਹੈ
ਦਾ ਬੋਲ ਬੋਲਦੇ ਹਨ

-0-

ਪਹਿਲੇ ਜਨਮ ਤੋਂ ਬਾਅਦ
ਮੌਤ ਜਿਉ ਕੇ
ਜੋ ਇਨ੍ਹਾਂ ਪ੍ਰਯੋਗ ਕੀਤਾ ਹੈ
ਉਸ ਪ੍ਰਯੋਗ ਦਾ ਯਥਾਰਥ
ਇਨ੍ਹਾਂ ਜੀਵਨ 'ਚ ਉਤਾਰਿਆ ਹੈ

ਜੀਵਨ ਦਾ ਅਸਲ
ਸੱਚ ਪਾਇਆ ਹੈਂ
ਮਰਕੇ ਜਿਉਣਾ ਸਿੱਖ
ਗਏ ਹਨ
ਮੌਤ ਤੋਂ ਪਿੱਛਲੇਰਾ ਜੀਵਨ
ਮੌਤ ਤੋਂ
ਪਹਿਲਾਂ ਦੇ ਜੀਵਨ 'ਚ
ਹੰਢਾਇਆ ਹੈ

-0-

ਇਨ੍ਹਾਂ ਸਾਇਆਂ
ਮੌਤ ਨੂੰ ਫਤਹਿ ਕੀਤਾ ਹੈ
ਇਸ ਲਈ
ਇਹ ਮਰਦੇ ਨਹੀਂ
ਇਹ ਮੌਤ ਤੋਂ ਪਹਿਲਾਂ
ਤੇ ਮੌਤ ਤੋਂ ਪਿੱਛੋਂ ਵੀ ਜਿਉਂਦੇ ਹਨ

----

## ਅੱਥਰੂ ਦਾ ਸੱਚ

ਮੇਰੇ ਨੈਣ
ਤੇਰੀ ਸਰਦਲ ਤੇ
ਭਿੱਖਿਆ ਮੰਗਣ ਆਏ
ਤੇਰੀ ਦੇਹ ਨੇ ਆਪਣੇ ਅੱਥਰੂ
ਮੇਰੇ ਨੈਣਾਂ ਦੀ ਝੋਲੀ ਪਾਏ

-0-

ਹੁਣ ਤਕ ਮੈਂ ਸਾਂਭ ਕੇ ਰੱਖੇ
ਹਾਸਿਆਂ ਸੰਗ ਪ੍ਰਣਾਏ
ਪਰ ਇਨ੍ਹਾਂ ਨੂੰ
ਤੇਰੀ ਅੱਖ ਤੋਂ ਵਿਛੜਣ ਦਾ
ਗ਼ਮ ਹੀ ਖਾਂਦਾ ਜਾਏ

-0-

ਤੇਰੇ ਅੱਥਰੂ
ਜਦ ਮੈਂ ਆਪਣੀਆਂ
ਅੱਖਾਂ ਵਿਚ ਉਤਾਰੇ
ਇਹ ਬਣ ਗਏ
ਅੰਗਿਆਰੇ

-0-

ਤੇਰੇ ਅੱਥਰੂ
ਜਦ ਮੈਂ ਗ਼ਮਾਂ ਦੀ ਭੇਂਟ ਚੜ੍ਹਾਏ
ਕੁੱਝ ਅੱਥਰੂ ਫੁੱਲ ਬਣੇ
ਕੁੱਝ ਬਣ ਗਏ ਤਾਰੇ

-0-

ਤੇਰੇ ਅੱਥਰੂਆਂ ਨੂੰ ਜਦ ਮੈਂ
ਖ਼ੁਸ਼ੀ ਦਾ ਟੁੱਕ ਖੁਵਾਇਆ
ਤੇਰੇ ਅੱਥਰੂਆਂ 'ਚ
ਗ਼ਮ ਦਾ ਸਾਗਰ
ਉਤਰ ਆਇਆ

---

## ਸੰਧੂਰੀ ਨਦੀ

ਉਹ
ਬਾਗ਼ ਚੋਂ ਲੰਘਿਆ
ਫੁੱਲਾਂ ਦੇ ਰੰਗਾਂ ਦੀ ਸ਼ੋਖੀ ਸੀ
ਕਲੀਆਂ ਦਾ ਰੂਪ
ਧੁੱਪਾਂ 'ਚ ਖਿਲਿਆ ਸੀ
ਮਹਿਕ ਨੇ ਅਜੇ
ਆਪਣੇ ਆਪ ਤੋਂ ਆਪਾ
ਉਤਾਰਿਆ ਸੀ

-0-

ਪੌਣਾਂ
ਮਾਨ ਸਰੋਵਰ ਚੋਂ ਅਜੇ
ਨਹਾ ਕੇ ਆਈਆਂ ਸਨ
ਬਹਾਰਾਂ ਤੇ ਰੁੱਤਾਂ ਦੇ ਨੈਣੀਂ
ਅਜੇ ਮੌਸਮ ਪ੍ਰਾਹੁਣੇ ਸਨ
ਰੁੱਖ਼ਾਂ ਨੇ ਸਰਘੀ
ਇਸ਼ਨਾਨ ਦੇ ਪਿੱਛੋਂ ਅਜੇ
ਸ਼ਬਦ ਸਮਾਧੀ ਲਾਈ ਸੀ
ਹਰਿਆਵਲ ਨੇ ਆਪਣਾ ਚਿਹਰਾ
ਅਜੇ ਸ਼ੀਸ਼ੇ ਤੋਂ ਹਟਾਇਆ ਹੀ ਸੀ
ਕੋਇਲ ਨੇ ਬ੍ਰਿਹਾ ਗਾਇਆ ਹੀ ਸੀ

-0-

ਉਹ ਬਾਗ਼ ਦੀ ਸੁੰਦਰਤਾ ਤੋਂ
ਅਭਿੱਜ ਗੁਜ਼ਰ ਗਿਆ
ਭੀੜਾਂ ਭਰੇ ਹਾਜ਼ੂਮ ਦੇ ਵਿਚ
ਉਤਰ ਗਿਆ
ਜਿਸ ਵਿਚ ਨੈਣਾਂ ਦੀ ਸੁੰਦਰਤਾ
ਨਖ਼ਸ਼ਾਂ ਅੰਗਾਂ ਦੀ ਸੁੰਦਰਤਾ
ਸਾਂਵਲੇ ਗੋਰੇ ਸ਼ਰਬਤੀ ਰੰਗਾਂ
ਦੀ ਕਸ਼ਿਸ਼ ਤੇ
ਜਿਸਮਾਂ ਦੀ ਖ਼ੁਸ਼ਬੂ ਸੀ
ਚਿੱਟਿਆਂ ਦੰਦਾਂ ਦਾ ਹਾਸਾ
ਤੇ ਅਦਾਵਾਂ ਦੇ
ਉਹ ਰੂ-ਬ-ਰੂ ਸੀ
ਮਟਕਦੀਆਂ ਤੋਰਾਂ ਦੀ ਭਰਮਾਰ
ਭੀੜ 'ਚ
ਸੱਜਿਆ ਧੱਜਿਆ
ਸੁੰਦਰਤਾ ਦਾ ਨਿੱਕਾ ਜਿਹਾ ਸੀ
ਇਕ ਸੰਸਾਰ

-0-

ਉਸਨੂੰ
ਇਕ ਚਿਹਰੇ ਦੇ ਨੈਣਾਂ
ਮੋਹਿਆ
ਉਸ ਤੱਕਿਆ ਚਿਹਰੇ ਨੂੰ
ਤੇ ਚਿਹਰੇ ਦਾ ਹੋਇਆ

ਮਾਂਗ ਭਰੀ ਉਸ ਚਿਹਰੇ ਦੀ
ਚਿਹਰਾ ਜੋ ਉਸਦੇ ਚਿਹਰੇ ਦਾ
ਸੀ ਹੋਇਆ
ਉਸ ਆਪਣੇ ਆਪ ਨੂੰ
ਕਿਸੇ ਦਾ ਹੋ ਗਿਆ ਪਾਇਆ
ਨਜ਼ਰਾਂ ਸੰਗ ਚੁੰਮ ਕੇ ਉਸਨੂੰ
ਛੱਡ ਭੀੜ ਉਹ ਆਇਆ

-0-

ਅਗਲੇ ਦਿਨ
ਉਹ ਰੋਜ਼ ਦੇ ਵਾਂਗੂੰ
ਸ਼ਹਿਰੋਂ ਬਾਹਰ ਨਦੀ ਤੇ ਗਿਆ
ਕਰਨ ਇਸ਼ਨਾਨਾ
ਉਸ ਅਨੁਭਵਿਆ
ਨਦੀ ਦਾ ਪਾਣੀ ਸੰਧੂਰੀ ਹੁੰਦਾ
ਜਾ ਰਿਹਾ ਹੈ
ਲਹੂ ਦਾ ਰੰਗ ਵਟਾ ਰਿਹਾ ਹੈ
ਨਦੀ ਦੇ ਕਿਨਾਰਿਆਂ ਚੋਂ
ਲਹੂ ਸਿਮਦਾ ਆ ਰਿਹਾ ਹੈ
ਵਜੂਦ ਨਦੀ ਦਾ ਲਹੂ 'ਚ
ਉਛਾਲੇ ਖਾ ਰਿਹਾ ਹੈ

-0-

ਉਸ ਨੂੰ ਨਦੀ ਚੋਂ
ਉਹ ਚਿਹਰਾ ਨਜ਼ਰ ਆਇਆ

ਭੀੜ 'ਚ
ਜਿਸ ਦੀ ਮਾਂਗ 'ਚ ਉਸ
ਸੰਧੂਰ ਭਰਿਆ ਸੀ
ਤੇ ਨਦੀ ਦਾ ਲਹੂ ਰੰਗਾ ਪਾਣੀ
ਉਸਦੇ ਗਲ ਗਲ ਤੱਕ
ਅੱਪੜਿਆ ਸੀ
ਉਸਨੂੰ ਜਾਪਿਆ
ਉਹ ਸੰਧੂਰੀ ਨਦੀ ਦੀ ਮਾਂਗ
ਤਰ ਰਿਹਾ ਹੈ
ਜੀਵਨ ਨਿਰਬਾਹ ਲਈ
ਲੂਣ ਤੇਲ ਤੇ ਲੱਕੜੀਆਂ
ਇਕੱਠੀਆਂ ਕਰ ਰਿਹਾ ਹੈ

-0-

ਉਹ ਨਦੀ ਚੋਂ ਬਾਹਰ ਨਿਕਲਿਆ
ਤੇ ਆਪਣੇ ਘਰ ਗਿਆ
ਆਪਣੀ ਸੰਧੂਰੀ ਗਰਿਸਤੀ ਲਈ
ਰੋਜ਼ੀ ਰੋਟੀ ਦੀ ਤਲਾਸ਼ 'ਚ
ਆਪਣਾ ਲਹੂ ਵੇਚਣ ਲਈ
ਘਰੋ ਬਾਹਰ ਨਿਕਲਿਆ

-0-

ਹੁਣ ਉਹ ਰੋਜ਼
ਰੋਜ਼ੀ ਰੋਟੀ ਲਈ ਘਰੋਂ ਨਿਕਲਦਾ
ਆਪਣਾ ਲਹੂ ਵੇਚਦਾ
ਤੇ ਸੰਧੂਰੀ ਲਹੂ ਦੀ ਨਦੀ ਤਰਦਾ

---

# ਰੁੱਖ ਤੇ ਪੰਛੀ

ਰੁੱਖ ਸੁੱਤੇ ਪਏ ਹਨ
ਰੁੱਖਾਂ 'ਚ ਸਰਘੀ ਨੇ ਅੱਖ ਖੋਲ੍ਹੀ ਹੈ
ਜੰਗਲ 'ਚ ਪੰਛੀ ਚਹਿਚਹਾ ਰਹੇ ਹਨ
ਸੂਰਜ ਚੜ੍ਹਣ ਦਾ ਗੀਤ
ਗਾ ਰਹੇ ਹਨ
ਸੂਰਜ ਦੀਆਂ ਕਿਰਨਾਂ
ਜੰਗਲ ਦੀਆਂ ਜੜ੍ਹਾਂ ਨੂੰ
ਚੁੰਮਦੀਆਂ ਹਨ
ਸੱਜਰੀ ਪੌਣ ਨੇ ਸੁਬ੍ਹਾ ਦਾ
ਵਾਕ ਲਿਆ ਹੈ
ਸੂਰਜ ਜੰਗਲ ਦੀਆਂ ਜੜ੍ਹਾਂ ਚੋਂ
ਉੱਠ ਖਲੋਇਆ ਹੈ
ਜੰਗਲ 'ਚ ਧੁੱਪ ਤੁਰੀ ਹੈ
ਚਾਨਣ ਹੋਇਆ ਹੈਂ

-0-

ਪਰ ਰੁੱਖ ਸੁੱਤੇ ਪਏ ਹਨ
ਰੁੱਖਾਂ 'ਚ ਰਾਤ ਹੈ ਹਨ੍ਹੇਰਾ ਹੈ
ਰੁੱਖ ਆਪਣੀਆਂ ਜੋਤਾਂ
ਬੁੱਝਾ ਕੇ ਖੜ੍ਹੇ ਹਨ
ਸੋਚਦੇ ਹਨ

ਅਸੀਂ ਕਿਹੜਾ ਬਾਹਰ
ਜਾਣਾ ਹੈ
ਤੁਰਨਾ ਹੈ ਜਾਂ ਘੁੰਮਣਾ ਫ਼ਿਰਨਾ ਹੈ.
ਕਿਹੜਾ
ਕੋਈ ਸਫ਼ਰ ਤਹਿ ਕਰਨਾ ਹੈ
ਆਪਣੇ ਬਿੰਦੂ 'ਚ ਹੀ ਰਹਿਣਾ ਹੈ
ਪਰ ਭੁੱਲ ਗਏ
ਉਨ੍ਹਾਂ ਦਾ ਸਫ਼ਰ
ਜਿਮੀਂ ਤੋਂ ਅਸਮਾਨ ਵੱਲ ਦਾ ਹੈ
ਜੜ੍ਹਾਂ ਤੋਂ ਸਿਰ ਵੱਲ ਦਾ ਹੈ
ਰੁੱਖ ਤੋਂ ਬੀਜ ਵੱਲ ਦਾ ਹੈ
ਬੀਜ ਤੋਂ ਰੁੱਖ ਵੱਲ ਦਾ ਹੈ
ਫੁੱਲਾਂ ਫੱਲਾਂ ਟਹਿਣੀਆਂ
ਪੱਤਿਆਂ ਵੱਲ ਦਾ ਹੈ

-0-

ਸੁਬ੍ਹਾ ਹੁੰਦੀ ਹੈ
ਪੰਛੀ ਆਪਣੇ ਦਾਣੇ ਚੋਗੇ ਲਈ
ਰੁੱਖ ਤੇ ਆਲ੍ਹਣਾ ਤਿਆਗਦੇ ਹਨ
ਰੁੱਖਾਂ ਨੂੰ ਜਗਾਉਂਦੇ ਹਨ
ਰੁੱਖੋ ਜਾਗੋ
ਆਪਣੀ ਗਤੀ ਦਾ ਪੁਰਸਾਰਥ ਕਰੋ
ਆਪਣੇ
ਫੁੱਲਾਂ ਫੱਲਾਂ ਤੇ ਬੀਜ ਵੱਲ ਤੁਰੋ

ਆਪਣੀਆਂ ਜੜ੍ਹਾਂ ਤੋਂ
ਸਿਰ ਵੱਲ ਵਧੋ
ਜੇ ਇਸ ਤਰ੍ਹਾਂ ਹੀ ਸੁੱਤੇ ਰਹੋਗੇ
ਤਾਂ ਜੜ੍ਹਾਂ 'ਚ ਸਿਮਟ ਜਾਓਗੇ
ਆਪ ਸੁੱਕੋਗੇ
ਜੰਗਲ ਸੁੱਕਾਓਗੇ
ਤੁਹਾਡੀ ਹੋਂਦ ਮਿਟ ਜਾਏਗੀ
ਤੁਸੀਂ ਜੜ੍ਹ ਹੋ ਜਾਓਗੇ
ਹਵਾ ਤੇ ਰੌਸ਼ਨੀ ਤੋਂ
ਵਾਂਝੇ ਰਹਿ ਜਾਓਗੇ

0-

ਪੰਛੀਆਂ ਦੇ ਸਰਘੀ ਦੇ ਬੋਲ
ਸੁਣ ਰੁੱਖ ਹੁਣ ਜਾਗਦੇ ਹਨ
ਆਪਣੇ ਆਪ 'ਚ ਤੁਰਦੇ ਹਨ
ਟਹਿਣੀਆਂ ਪੱਤਿਆਂ ਫੁੱਲਾਂ
ਫੱਲਾਂ ਤੇ ਬੀਜ 'ਚ ਝਾਕਦੇ ਹਨ
ਸੂਰਜ ਦੀ ਧੁੱਪ ਤੇ ਕਿਰਨਾਂ
ਦਾ ਨਿੱਘ
ਆਪਣੇ ਵਜ਼ੂਦ 'ਚ ਉਤਾਰਦੇ ਹਨ
ਸਰਘੀ ਹੁੰਦਿਆਂ ਹੀ
ਪੰਛੀ ਪੰਛੀ ਪੁਕਾਰਦੇ ਹਨ

-0-

ਪੰਛੀਆਂ ਨੇ
ਜੋ ਸੁੱਤੇ ਰੁੱਖਾਂ ਨੂੰ ਜਗਾਇਆ ਹੈ

ਜੀਵਨ ਗਤੀ ਦਾ
ਅਹਿਸਾਸ ਕਰਵਾਇਆ ਹੈ
ਰੁੱਖਾਂ ਨੂੰ
ਪੁਰਸ਼ਾਰਥ ਦਾ ਸੱਚ ਸਮਝਾਇਆ ਹੈ
ਪੁਰਸ਼ਾਰਥ ਚੋਂ ਹੀ
ਰੁੱਖਾਂ ਨੇ ਆਪਣਾ ਸੱਚ
ਤੇ ਜੰਗਲ ਦਾ ਪਰਮ ਸੱਚ
ਪਾਇਆ ਹੈ

-0-

ਸ਼ਾਮ ਢਲੀ
ਪੰਛੀ ਜਦ ਪਰਤਦੇ ਹਨ
ਰੁੱਖ ਜਾਗਦੇ ਹਨ
ਪੰਛੀ ਚੂਕਦੇ ਹਨ
ਹਨ੍ਹੇਰਾ ਹੁੰਦਾ ਹੈ
ਪੰਛੀ ਚੁੱਪ ਹੋ ਜਾਂਦੇ ਹਨ
ਪੰਛੀ ਤੇ ਰੁੱਖ, ਦੋਵੇਂ ਸੌਂ ਜਾਂਦੇ ਹਨ
ਸੁਬ੍ਹਾ ਹੁੰਦੀ ਹੈ
ਪੰਛੀ ਤੇ ਰੁੱਖ ਜਾਗਦੇ ਹਨ
ਆਪਣੇ ਆਪਣੇ
ਸਫ਼ਰ ਤੇ ਨਿਕਲਦੇ ਹਨ
ਜੰਗਲ 'ਚ
ਸੂਰਜ ਡੁੱਬਦਾ ਹੈ ਚੜ੍ਹਦਾ ਹੈ
ਜੰਗਲ ਦਾ ਕਾਰੋਬਾਰ ਚਲਦਾ ਹੈ

---

## ਚੁੱਪ

ਉਹ
ਆਪਣੀ ਚੁੱਪ 'ਚ ਉਤਰਿਆ
ਤੇ ਚੁੱਪ ਵਿਚਲੇ ਸ਼ੋਰ ਨੂੰ
ਮੁਖ਼ਾਤਿਬਿਆ
ਤੂੰ ਕਿਵੇਂ
ਸੁਰ ਸਰਗਮ ਧੁੰਨ ਸੰਗੀਤ ਤੋਂ
ਜਨਮ ਕੇ
ਸ਼ੋਰ ਹੋ ਗਿਆ ਹੈਂ
ਤੇ ਆਪਣੇ ਚਿਹਰੇ ਨੂੰ ਪਿੱਠ ਦੇ ਕੇ
ਚੁੱਪ 'ਚ ਉਤਰ ਗਿਆ ਹੈਂ

0-

ਸ਼ੋਰ ਬੋਲਿਆ
ਮੈਂ ਹਾਉਕੇ ਕੂਕ ਚੀਕ ਅੱਥਰੂ
ਸ਼ਬਦ ਅਰਥ ਤੇ
ਸੰਕਲਪ ਚੋਂ ਜਨਮਿਆ ਹਾਂ
ਹਰ ਵਾਰ
ਇਨ੍ਹਾਂ ਦੀ ਕੁੰਜ ਆਪਣੇ ਤੋਂ
ਉਤਾਰਦਾ ਰਿਹਾ ਹਾਂ
ਬੂੰਦ ਤੋਂ ਸਮੁੰਦਰ
ਕਿਣਕੇ ਤੋਂ ਧਰਤ

ਜ਼ਰੇ ਤੋਂ
ਅਸਮਾਨ ਹੁੰਦਾ ਰਿਹਾ ਹਾਂ
ਮੈਂ ਬੱਚੇ ਦੀ ਲੋਰੀ ਤੋਂ
ਵਿਸ਼ਵ ਦੇ ਕੰਠ ਦੇ ਸ਼ੋਰ ਦਾ
ਅਕਾਰ ਧਾਰਦਾ ਰਿਹਾ ਹਾਂ

-0-

ਵਿਸ਼ਵ ਵਿਚ ਵਿਚਰਿਆ
ਮਨੁੱਖ ਤੋਂ ਮਨੁੱਖਤਾ ਤਕ ਫੈਲਿਆ
ਰੁੱਖਾਂ ਤੋਂ ਰੁੱਖਾਂ ਤਕ ਤੁਰਿਆ
ਜੰਗਲ ਹੋ ਗਿਆ
ਵੱਖ ਵੱਖ ਪੈਂਤੀ ਅੱਖਰੀਆਂ ਚੋਂ
ਜਨਮਿਆ
ਮਹਾਨ ਕੋਸ਼ ਹੋ ਗਿਆ
ਮੈਂ ਅਕਾਸ਼ ਹਵਾ ਅੱਗ ਜਲ
ਧਰਤੀ ਦੇ
ਸ਼ੋਰ ਦਾ ਵਜੂਦ ਹੋ ਗਿਆ
ਮੇਰਾ ਕੋਈ ਅਕਾਰ ਨਾ ਰਿਹਾ
ਵਿਸਥਾਰ ਦੀ ਹੱਦ ਨਾ ਰਹੀ
ਮੈਂ ਅਥਾਹ ਹੋ ਗਿਆ
ਕੋਈ ਆਰ ਨਾ ਰਿਹਾ
ਮੇਰਾ ਕੋਈ ਪਾਰ ਨਾ ਰਿਹਾ

-0-

ਮੈਂ ਇਕ ਦਿਨ
ਆਪਣੇ ਹੀ ਵਿਸਥਾਰ ਦੀ ਪਰਖ
ਲਈ

ਆਪਣੇ ਗਲੇ ਚੋਂ ਨਿਕਲ
ਫੈਲਣ ਹੀ ਲੱਗਾਂ ਸਾਂ
ਕਿ ਕਿਸੇ ਨੇ ਮੇਰੇ ਮੂੰਹ ਤੇ
ਉਂਗਲੀ ਧਰ ਦਿੱਤੀ
ਤੇ ਬੋਲੀ
ਮੈਂ ਚੁੱਪ ਹਾਂ
ਤੇਰੇ ਤੋਂ ਵੱਡਾ ਸ਼ੋਰ ਹਾਂ
ਉਦੋਂ ਤੋਂ ਮੈਂ ਚੁੱਪ ਹਾਂ
ਉਤਰ ਗਿਆ
ਚੁੱਪ ਦੇ ਅਕਾਰ 'ਚ ਗੁਆਚ
ਗਿਆ
ਮੈਨੂੰ ਬਾਹਰ ਨਿਕਲਣ ਦਾ
ਕੋਈ ਰਸਤਾ ਨਾ ਲੱਭਾ
ਮੈਂ ਆਪਣਾ ਸ਼ੋਰ ਭੁੱਲ ਗਿਆ
ਆਪਣੇ ਆਪ ਤੋਂ ਦੂਰ ਹੋ ਗਿਆ
ਚੁੱਪ 'ਚ ਵੱਸਦੇ ਸ਼ੋਰ ਦੀ ਹੀ
ਚੁੱਪ ਹੋ ਗਿਆ

---

## ਤਸਵੀਰ

ਕਿੰਨੀ ਵਾਰ
ਤੁਹਾਡੇ ਸ਼ਬਦਾਂ ਨੇ
ਮੇਰੇ ਅਰਥਾਂ ਦੀ ਦੁਰਵਰਤੋਂ
ਕੀਤੀ ਹੈ
ਕਿੰਨੀ ਵਾਰ ਤੁਹਾਡੇ ਰੰਗਾਂ ਨੇ
ਮੇਰੀ ਤਸਵੀਰ ਨੂੰ
ਸੂਲੀ ਤੇ ਟੰਗਿਆ ਹੈ

-0-

ਤੁਹਾਡੇ ਸ਼ਬਦਾਂ ਦੀ ਪਿੱਠ ਚੋਂ
ਮੇਰੇ ਅਰਥਾਂ ਦੇ ਚਿਹਰੇ ਉੱਗੇ ਹਨ
ਜਿਨ੍ਹਾਂ ਦੀ ਪਿੱਠ ਨਾਲ
ਪਿੱਠ ਜੋੜ ਕੇ
ਤੁਸੀਂ ਵਿਪਰੀਤ ਰਾਹਾਂ ਤੇ
ਤੁਰਨਾ ਚਾਹੁੰਦੇ ਹੋ

-0-

ਤੁਸੀਂ ਆਪਣੀ ਪੱਤਝੜ
ਉਜਾੜ ਤੇ ਸਹਿਰਾ
ਮੇਰੇ
ਅਰਥਾਂ 'ਚ ਬੀਜਣਾ ਚਾਹੁੰਦੇ ਹੋ
ਜੋ ਤੁਹਾਡਾ ਵਿਸਥਾਰ ਹੈ
ਅਕਾਰ ਹੈ

ਬਰੂਦੀ ਅੱਗ
ਝੁਲਸਿਆ ਅੰਬਰ ਤੇ ਬਾਂਝ
ਧਰਤੀ
ਮੇਰੇ ਅਰਥਾਂ 'ਚ ਧਰਨਾ
ਚਾਹੁੰਦਾ ਹੋ
ਕਿ ਮੇਰੇ ਅਰਥ
ਪੱਤਝੜਾਂ ਉਜਾੜਾਂ ਸਹਿਰਾ
ਝੁਲਸੇ ਅੰਬਰ ਤੇ
ਬਾਂਝ ਧਰਤੀ ਦਾ ਸਫ਼ਰ ਕਰਦੇ
ਰਹਿਣ
ਆਪਣਾ ਸੱਚ ਗੁਵਾਉਂਦੇ ਗੁਵਾਉਂਦੇ
ਤੁਹਾਡੇ ਸ਼ਬਦਾਂ 'ਚ ਢਲ ਜਾਣ
ਸ਼ਬਦਾਂ ਦੇ ਝੂਠ 'ਚ ਰਲ ਜਾਣ.

-0-

ਤੁਸੀਂ ਸਾਰੀ ਪ੍ਰਕਿਰਤੀ ਦੀ
ਸੁਆਹ
ਤੇ ਸਾਰੇ ਪਾਣੀਆਂ ਦੀ ਰੇਤ
ਸਾਰੀ ਹਰਿਆਵਲ ਦੇ ਕੋਲੇ
ਫੁੱਲਾਂ ਦੇ ਰੰਗਾਂ ਦੀਆਂ ਲਾਸ਼ਾਂ
ਕਲੀਆਂ ਦੀ ਮਹਿਕ ਦੇ ਬਲਦੇ
ਸਿਵਿਆਂ ਸੰਗ
ਆਪਣੇ ਸ਼ਬਦਾਂ ਵਜ਼ੂਦ ਘੜਿਆ ਹੈ

-0-

ਰਾਹ ਬੀਜੇ ਹਨ
ਮੰਜ਼ਿਲਾਂ ਤੋਂ ਬਿਨਾਂ
ਪੈਰ ਸਿਰਜੇ ਹਨ
ਰਾਹਾਂ ਤੋਂ ਬਿਨਾਂ
ਸਿਰ ਸਿਰਜੇ ਹਨ
ਸੋਚ ਤੋਂ ਬਿਨਾਂ
ਚੁੱਪ ਸਿਰਜੀ ਹੈ
ਬੋਲ ਤੋਂ ਸੱਖਣੀ
ਅੱਖ੍ਹ ਸਿਰਜੀ ਹੈ
ਜਿਸਦੀ ਲੋਅ 'ਚ ਪੱਥਰ
ਢਾਲਿਆ ਹੈ
ਬੋਲਾਪਣ ਗੂੰਗਾਪਣ
ਤੁਹਾਡੇ ਸ਼ਬਦਾਂ ਨੇ ਤਲੀਆਂ ਤੇ
ਉੱਠਾਇਆ ਹੈ

-0-

ਤੁਹਾਡੇ ਸ਼ਬਦਾਂ ਦਾ ਕਾਫ਼ਲਾ
ਆਪਣਾ ਸੱਚ ਵੇਖਣ ਲਈ
ਮੇਰੇ ਅਰਥਾਂ ਦੇ ਦਰ ਤੇ
ਆਇਆ ਹੈ
ਤੁਹਾਡਾ ਸੱਚ
ਮੇਰੇ ਅਰਥਾਂ ਦੇ ਦਰਪਣ ਚੋਂ
ਨਜ਼ਰ ਨਹੀਂ ਆ ਸਕਦਾ

ਅਰਥਾਂ ਦਾ ਦਰਪਣ
ਤੁਹਾਡਾ ਸੱਚ ਬੋਲ ਨਹੀਂ ਸਕਦਾ
ਆਪਣਾ ਸੱਚ
ਤੁਹਾਡੇ ਸੱਚ 'ਚ ਘੋਲ ਨਹੀਂ ਸਕਦਾ
ਕਿਉਂਕਿ
ਮੇਰੇ ਅਰਥ ਦੇ ਚਿਹਰੇ
ਤੁਹਾਡੀ ਪਿੱਠ ਚੋਂ ਉੱਗੇ ਹਨ
ਮੇਰੇ ਅਰਥ ਤੁਹਾਡੇ
ਸ਼ਬਦਾਂ ਦੇ ਚਿਹਰੇ ਚੋਂ
ਮਨਫ਼ੀ ਹਨ

-0-

ਮੈਂ ਆਪਣੇ ਅਰਥਾਂ ਦੀ
ਹਰੀ ਭਰੀ ਖ਼ੁਸ਼ਬੂ ਲੱਦੀ
ਅਕਾਸ਼ ਹਵਾ ਅੱਗ ਜਲ
ਧਰਤ ਦੀ
ਅਜ਼ਾਦ ਤਸਵੀਰ ਬਣਾਈ ਹੈ
ਸੱਚ ਸੁੰਦਰਤਾ ਤੇ ਕਲਿਆਣ.
ਜਿਸਦੇ ਨਕ਼ਸ਼ ਹਨ
ਕਣਕ ਜਿਹਾ ਜਿਸਦਾ ਰੰਗ ਹੈ
ਰੋਟੀ ਜਿਹਾ
ਜਿਸਦਾ ਚਿਹਰਾ ਹੈ
ਅਨਾਜ਼ ਦੇ ਖੇਤਾਂ ਜਿਹਾ
ਜਿਸਦਾ ਵਜ਼ੂਦ ਹੈ

ਸੂਰਜ ਜਿਹੇ
ਜਿਸਦੇ ਨੈਣ ਹਨ
ਚੰਨਾਂ ਤਾਰਿਆਂ ਜਿਹਾ
ਜਿਸਦਾ ਰੂਪ ਹੈ
ਜਿਸ ਨੂੰ ਮੇਰੇ ਅਰਥਾਂ
ਲਹੂ ਨਾਲ ਰੰਗਿਆ ਹੈ
ਕਿੰਨ੍ਹੀ ਵਾਰ
ਤੁਹਾਡੇ ਸ਼ਬਦਾਂ ਦੇ ਰੰਗਾਂ ਨੇ
ਮੇਰੀ ਤਸਵੀਰ ਨੂੰ
ਸੂਲੀ ਤੇ ਟੰਗਿਆ ਹੈ

-0-

ਕਿੰਨੀ ਵਾਰ
ਤੁਹਾਡੇ ਸ਼ਬਦਾਂ ਨੇ
ਮੇਰੇ ਅਰਥਾਂ ਦੀ ਦੁਰਵਰਤੋਂ ਕੀਤੀ ਹੈ
ਕਿੰਨੀ ਵਾਰ
ਤੁਹਾਡੇ ਸ਼ਬਦਾਂ ਦੇ ਰੰਗਾਂ
ਮੇਰੀ ਤਸਵੀਰ ਨੂੰ ਸੂਲੀ ਤੇ ਟੰਗਿਆ ਹੈ

---

## ਤਰਲ ਸ਼ਹਿਰ

ਮੇਰੀ ਪਿੱਠ ਤੇ
ਸ਼ਹਿਰ ਉੱਗ ਆਇਆ ਹੈ
ਤਿੜਕੇ ਅੰਗ ਤੇ ਨਕਸ਼
ਮੇਰੀ ਪਿੱਠ ਤੇ ਪੱਸਰ ਗਏ ਹਨ
ਸ਼ਹਿਰ ਦਾ ਖੰਡਰ ਤੇ
ਤਰਲ ਵਜੂਦ ਮੇਰੀ ਪਿੱਠ ਚੋਂ
ਝਾਕਦਾ ਹੈ

-0-

ਮੈਂ ਸ਼ਹਿਰ ਨੂੰ
ਆਪਣੀ ਪਿੱਠ ਤੇ ਉੱਗਣ ਲਈ
ਤਾਂ ਨਹੀਂ ਸੀ ਕਿਹਾ
ਚਿਹਰੇ ਤੇ ਉੱਗਣ ਲਈ
ਅਰਜ਼ੋਈ ਕੀਤੀ ਸੀ
ਮੰਦਰ ਦੀ ਜੋਤ ਨੂੰ
ਮਸਤਕ 'ਚ ਜਗਣ ਲਈ ਕਿਹਾ ਸੀ
ਸ਼ਹਿਰ ਦੀ ਭੀੜ ਨੂੰ
ਆਪਣੇ ਲਹੂ 'ਚ ਤੁਰਨ ਲਈ
ਸੜਕਾਂ ਗਲੀਆਂ ਚੌਂਕਾਂ
ਚੌਰਾਹਿਆਂ ਨੂੰ
ਆਪਣੀਆਂ ਨਾੜਾਂ 'ਚ ਉਤਰਨ
ਲਈ ਕਿਹਾ ਸੀ

-0-

ਤਾਂ ਕਿ ਸ਼ਹਿਰ
ਮੇਰੀ ਪਹਿਚਾਣ ਹੋ ਸਕਦਾ
ਮੈਂ ਸ਼ਹਿਰ ਦੀ
ਪਹਿਚਾਣ ਹੋ ਸਕਦਾ

-0-

ਮੇਰੇ ਚਿਹਰੇ ਤੇ
ਉੱਗਿਆ ਸ਼ਹਿਰ
ਮੇਰੇ ਮਸਤਕ 'ਚ ਜਗਦੀ ਜੋਤ
ਮੇਰੇ ਲਹੂ 'ਚ ਤੁਰਦੀ ਭੀੜ
ਨਾੜਾਂ 'ਚ ਉਤਰੀਆਂ ਗਲੀਆਂ
ਸੜਕਾਂ ਚੌਕ ਤੇ ਚੌਰਾਹੇ
ਦੇਖਣਾ ਹੈ
ਮੈਨੂੰ ਆਪਣੇ ਆਪ 'ਚ ਬੀਜਦੇ ਹਨ
ਜਾਂ ਮੇਰੇ ਚੋਂ ਉੱਗਦੇ ਹਨ

-0-

ਜੇ ਮੈਨੂੰ
ਆਪਣੇ ਆਪ 'ਚ ਬੀਜਣਗੇ
ਤਾਂ ਮੈਂ
ਉਨ੍ਹਾਂ ਦੀ ਪਿੱਠ ਤੇ ਉੱਗਣ ਲਈ
ਨਹੀਂ ਜਨਮਾਂਗਾ
ਉਨ੍ਹਾਂ ਦੇ ਨੈਣਾਂ 'ਚ ਪਸਰਾਂਗਾ
ਉਨ੍ਹਾਂ ਦੇ ਲਹੂ 'ਚ ਜੀਵਾਂਗਾ

ਉਨ੍ਹਾਂ ਨੂੰ
ਆਪਣੇ 'ਚ ਉਤਾਰਾਂਗਾ
ਉਨ੍ਹਾਂ ਦੀ ਪਿੱਠ ਨਹੀਂ
ਉਨ੍ਹਾਂ ਦਾ ਅੱਗਾ ਕਹਾਵਾਂਗਾ

–0–

ਜੇ ਮੇਰੇ ਚੋਂ ਉਹ ਉੱਗਦੇ ਹਨ
ਤਾਂ ਉੱਗਣ ਤੋਂ ਪਹਿਲਾਂ
ਉਨ੍ਹਾਂ ਦੇ ਬੀਜ 'ਚ
ਮੈਂ ਆਪਣਾ ਰੁੱਖ ਧਰ ਆਵਾਂਗਾ
ਉਨ੍ਹਾਂ ਦੀ ਪਿੱਠ ਤੇ
ਮੂੰਹ ਨ਼ੱਕ ਅੱਖ੍ਹਾਂ
ਪੂਰਾ ਚਿਹਰਾ ਬਣ਼ਾਵਾਂਗ਼ਾ
ਉਨ੍ਹਾਂ ਦੀ ਪਿੱਠ ਚੋਂ
ਉਨ੍ਹਾਂ ਦੀ ਸਿੱਧ ਨਜ਼ਰ ਆਵੇ
ਸਿੱਧ ਚੋਂ
ਉਨ੍ਹਾਂ ਦੀ ਪਿੱਠ ਨਜ਼ਰ ਆਵੇ

–0–

ਉਹ ਜਦ ਉੱਗਣ
ਜੜ੍ਹਾਂ ਅਕਾਸ਼ ਵ੍ਹੱਲ
ਸਿਰ ਧਰਤ ਵੱਲ ਹੋਵੇ
ਉਹ ਜਦ ਸਿਰ ਭਾਰ

ਧਰਤੀ ਤੇ ਤੁਰਨ
ਉਨ੍ਹਾਂ ਨੂੰ ਧਰਤੀ ਤੇ ਸਿਰ ਹੀ
ਸਿਰ ਨਜ਼ਰ ਆਵਣ
ਕਿਉਂਕਿ ਸਿਰ ਨਾਲ
ਕੀਤਾ ਸਫ਼ਰ
ਕਦੀ ਵੀ ਹਨ੍ਹੇਰੇ 'ਚ ਨਹੀਂ ਮੁੱਕਦਾ
ਬੇਅਰਥ ਰਾਹਾਂ ਮੰਜ਼ਿਲਾਂ
ਤੇ ਸਹਿਰਾ ਨਹੀਂ ਸਿਰਜਦਾ

-0-

ਮੇਰੇ ਬਿੰਦੂ 'ਚ
ਜੇ ਮੈਨੂੰ ਬੀਜ ਕੇ ਮੈਨੂੰ ਉੱਗਾਉਣਾ ਹੈ
ਜਾਂ ਮੇਰੇ ਬਿੰਦੂ ਚੋਂ
ਉਨ੍ਹਾਂ ਆਪ ਉੱਗਣਾ ਹੈ
ਦੋਹਾਂ ਹੀ ਹਾਲਤਾਂ 'ਚ
ਉਨ੍ਹਾਂ ਮੈਨੂੰ ਹੀ ਆਪਣੇ ਚਿਹਰੇ ਤੇ
ਪਿੱਠ ਤੇ ਪਾਉਣਾ ਹੈ

-0-

ਸ਼ਹਿਰ ਦਾ ਤਰਲ ਵਜੂਦ
ਜੇ ਮੇਰੇ ਸਾਂਚੇ 'ਚ ਢਲੇਗਾ
ਜਾਂ ਮੈਂ
ਆਪਣੇ ਸਾਂਚੇ 'ਚ ਢਾਲਾਂਗਾ

ਉਸ 'ਚ ਪੱਥਰ ਸੀਮੇਂਟ
ਸਰੀਏ ਇੱਟਾਂ ਦਾ ਨਹੀਂ
ਲਹੂ ਮਾਸ ਦਾ ਜਿਉਂਦਾ
ਜਾਗਦਾ ਸ਼ਹਿਰ ਉਸਰੇਗਾ
ਜਿਸਨੂੰ ਪਿੱਠ ਦੇ ਕੇ
ਉਹ ਉਸਦੇ ਵਿਪਰੀਤ ਨਹੀਂ
ਤੁਰਨਗੇ
ਸਗੋਂ ਉਸਦੀਆਂ
ਅੱਖਾਂ 'ਚ ਅੱਖਾਂ ਪਾ
ਆਪਣੇ ਬੋਲ ਸਾਂਝੇ ਕਰਨਗੇ
ਸ਼ਹਿਰ ਚੋਂ
ਆਪਣਾ ਚਿਹਰਾ ਤੱਕਣਗੇ
ਚਿਹਰੇ ਚੋਂ
ਉਨ੍ਹਾਂ ਨੂੰ ਸ਼ਹਿਰ ਨਜ਼ਰ ਆਵੇਗਾ

---

## ਅਜ਼ਨਬੀ

ਹੁਣ
ਜਾਣੇ ਪਹਿਚਾਣੇ
ਰਿਸ਼ਤਿਆਂ ਮਿੱਤਰਾਂ
ਦੋਸਤਾਂ 'ਚ ਰਹਿਕੇ
ਅੱਕ ਗਿਆ ਹੈ ਮਨ
ਪੁਰਾਣੇ ਰਾਹਾਂ ਤੇ ਤੁਰਨ
ਤੇ ਘਰਾਂ ਤੇ
ਦਸਤਕ ਦੇ ਦੇ ਕੇ
ਥੱਕ ਗਿਆ ਹੈ ਮਨ
ਜਾਣੇ ਪਹਿਚਾਣੇ
ਚਿਹਰਿਆਂ 'ਚ ਉਤਰ ਕੇ
ਜਾਂ
ਆਪਣੇ 'ਚ
ਉਨ੍ਹਾਂ ਨੂੰ ਉਤਾਰ ਕੇ
ਕੀ ਕਰੇਂਗਾ ਤੂੰ
ਇਕੋ ਰੁੱਖ ਦੀ ਛਾਵੇਂ
ਵਾਰ ਵਾਰ ਬੈਠ ਕੇ
ਕੀ ਕਰੇਂਗਾ ਤੂੰ

-0-

ਹੁਣ ਨਵੀਆਂ ਦਿਸ਼ਾਵਾਂ
ਮੰਜ਼ਿਲਾਂ ਲਈ

ਭਟਕਦਾ ਹੈ ਮਨ
ਨਵੀਆਂ ਪੌਣਾਂ
ਨਵੀਆਂ ਖ਼ੁਸ਼ਬੂਆਂ
ਲਈ
ਤਰਸਦਾ ਹੈ ਮਨ
ਛੱਡ ਪੁਰਾਣੇ ਰਿਸ਼ਤਿਆਂ
ਦਾ ਮੋਹ
ਤਿਆਗ ਪੁਰਾਣੇ
ਚਿਹਰਿਆਂ ਦਾ ਖੋਲ਼
ਨਵੇਂ ਪੁੰਗਰਦੇ
ਰਿਸ਼ਤਿਆਂ ਵੱਲ ਚਲ
ਤਬਦੀਲੀ ਦੀ ਲੋੜ ਹੈ
ਜੀਵਨ 'ਚ
ਨਵੀਨਤਾ ਦਾ ਦੌਰ ਹੈ

-0-

ਕੰਧ ਓਹਲੇ
ਕਿਸੇ ਅਜ਼ਨਬੀ
ਦੁਨੀਆਂ ਦੇ ਸਾਗਰ 'ਚ
ਉਤਰ ਜਾ
ਅਜ਼ਨਬੀ ਚਿਹਰਿਆਂ
ਰਾਹਾਂ ਮੰਜ਼ਿਲਾਂ 'ਚ ਵਿਚਰ
ਜਾ

ਨਵੇਂ ਸਿਰੇ ਤੋਂ ਬੰਨ੍ਹ
ਰਿਸ਼ਤਿਆਂ ਦੀ ਨਦੀ
ਦਾ ਪੁੱਲ
ਆਪਣੇ 'ਚ ਉਤਾਰ
ਨਵੀਆਂ ਬਹਾਰਾਂ
ਨਵੇਂ ਮੌਸਮਾਂ ਦਾ ਚਮਨ
ਨਵੀਆ ਰੁੱਤਾਂ
ਨਵਿਆਂ ਰੰਗਾਂ ਦਾ ਸਰੂਪ
ਆਪਣੇ
ਦੁਆਲੇ ਸਿਰਜ ਨਵਾਂ
ਵਾਤਾਵਰਣ
ਨਵੀਆਂ ਸੂਰਤਾਂ ਦਾ ਰੂਪ

-0-

ਨਵੀਆ ਨਜ਼ਰਾਂ ਨਾਲ
ਨਵੀਆਂ ਨ਼ਦੀਆਂ ਤਰੇਂਗਾ ਤੂੰ
ਨਜ਼ਰਾਂ ਦੇ ਰਾਹੀਂ
ਨਦੀਆਂ ਦੇ ਦਿਲ 'ਚ
ਉਤਰੇਂਗਾ ਤੂੰ
ਨਵੀਆਂ ਮੁਸਕਾਨਾਂ
ਬੁੱਲ੍ਹਾਂ 'ਚ ਉੱਗਾ
ਨਵੀਆਂ ਪੀੜਾਂ
ਨਵਾਂ ਦਰਦ ਹੰਢਾਅ

ਕੁੱਝ ਪਲਾਂ ਲਈ
ਅਜ਼ਨਬੀ ਦਾ ਅਜ਼ਨਬੀ
ਰਹੇਂਗਾ ਤੂੰ
ਫਿਰ ਇਕ ਦੂਜੇ ਦੇ ਸਾਹ
ਹੋ ਜਾਏਂਗਾ ਤੂੰ

-0-

ਨਵੀਆਂ ਕੰਧਾਂ
ਨਵੀਆਂ ਛੱਤਾਂ
ਨਵੇਂ ਵਿਹੜੇ ਨਵੇਂ ਘਰਾਂ 'ਚ
ਵਸੇਰਾ ਹੋਵੇਗਾ
ਨਵੀਂ ਧਰਤੀ
ਨਵੇਂ ਅੰਬਰ ਦੇ ਹੇਠ
ਡੇਰਾ ਹੋਵੇਗਾ
ਪਹਿਲਾ ਪਹਿਲਾ
ਕੁੱਝ ਕੁੱਝ ਪਰਾਇਆ
ਕੁੱਝ ਕੁੱਝ ਤੇਰਾ ਹੋਵੇਗਾ
ਅਜ਼ਨਬੀ ਹਵਾ
ਜਦ ਫ਼ੇਫੜਿਆਂ ਚੋਂ ਗੁਜ਼ਰੇਗੀ
ਅਜ਼ਨਬੀ ਸਾਹਾਂ ਦਾ
ਦਿਲ 'ਚ
ਵਸੇਰਾ ਹੋਵੇਗਾ

-0-

ਅਜ਼ਨਬੀ
ਖ਼ੁਸ਼ੀ ਦੀ ਖ਼ੁਸ਼ੀ
ਕੁੱਝ ਹੋਰ ਹੁੰਦੀ ਹੈ
ਅਜ਼ਨਬੀ ਪੀੜ ਦਾ
ਅਹਿਸਾਸ
ਕੁੱਝ ਹੋਰ ਹੁੰਦਾ ਹੈ
ਅਜ਼ਨਬੀਪਣ ਚੋਂ
ਆਪਣਾ ਪਣ ਉੱਗਾਉਣ ਲਈ
ਰੂਹ ਨੂੰ
ਅਜ਼ਨਬੀ ਹੁਲਾਸ ਹੋਵੇਗਾ
ਜੋ ਕਦੀ ਨਹੀਂ ਹੋਇਆ
ਦਿਲ ਨੂੰ
ਉਹ ਅਹਿਸਾਸ ਹੋਵੇਗਾ

-0-

ਅਜ਼ਨਬੀ ਹੱਥਾਂ 'ਚ
ਅਜ਼ਨਬੀ ਹੱਥ ਹੋਣਗੇ
ਅਜ਼ਨਬੀ ਪੈਰਾਂ 'ਚ
ਅਜ਼ਨਬੀ ਰਾਹ ਹੋਣਗੇ
ਅਜ਼ਨਬੀ ਨਜ਼ਰਾਂ 'ਚ
ਅਜ਼ਨਬੀ ਦੁਆਲਾ ਹੋਵੇਗਾ

ਅਜ਼ਨਬੀ ਦਿਲ ਨੂੰ
ਅਜ਼ਨਬੀ ਧੜਕਣ ਦਾ
ਸਹਾਰਾ ਹੋਵੇਗਾ

-0-

ਅਜ਼ਨਬੀ ਸਾਜ ਚੋਂ
ਅਜ਼ਨਬੀ ਸੁਰ ਨਿਕਲੇਗੀ
ਅਜ਼ਨਬੀ ਸ਼ਬਦ 'ਚ
ਗੂੰਜਦਾ
ਆਲਮ ਸਾਰਾ ਹੋਵੇਗਾ
ਨਾ ਉਮੀਦੀ ਚੋਂ
ਉਮੀਦ ਦੇ ਨੈਣ ਝਾਕਣਗੇ
ਅਜ਼ਨਬੀਪਣ ਚੋਂ
ਅਪਣੱਤ ਦਾ ਇਸ਼ਾਰਾ
ਹੋਵੇਗਾ
ਅਜ਼ਨਬੀ ਦਰਿਆ 'ਚ
ਵਗੇਗੀ
ਅਜ਼ਨਬੀ ਨਦੀ ਕੋਈ
ਅਜ਼ਨਬੀ ਜਲ ਦਾ
ਅਜ਼ਨਬੀ ਕਿਨਾਰਾ
ਹੋਵੇਗਾ

-0-

## ਅੱਧਰਾਂਗਨੀ

ਉਸਨੇ
ਆਪਣੇ ਅੰਗ ਅੰਗ ਤੇ
ਦੀਵੇ ਬਾਲ ਲਏ
ਤੇ ਸ਼ਹਿਰ ਦੀਆਂ
ਸੜਕਾਂ ਚੌਕਾਂ ਚੌਰਾਹਿਆਂ
'ਚ ਨਿਕਲ ਆਈ
ਬੋਲੀ
ਮੈਂ ਇਸ ਸ਼ਹਿਰ ਦੇ
ਵਜ਼ੂਦ ਦੀ
ਅੱਧਰਾਂਗਨੀ ਹਾਂ
ਜੇ ਸ਼ਹਿਰ ਦਿਨ ਹੈ
ਤਾਂ ਮੈਂ ਰਾਤ ਹਾਂ
ਪਰ ਸ਼ਹਿਰ ਦੇ ਦਿਨ ਦਾ
ਵਜ਼ੂਦ
ਮੈਨੂੰ
ਆਪਣੇ ਆਪ ਚੋਂ ਮਨਫ਼ੀ
ਰੱਖਦਾ ਹੈ
ਮੇਰੀ ਹੋਂਦ ਨੂੰ
ਤਿਰਸਕਾਰਦਾ ਹੈ
ਮੇਰੇ ਸੱਚ
ਤੇ ਸਵੈ ਅਭਿਮਾਨ ਨੂੰ

ਜ਼ਖ਼ਮੀ ਕਰਦਾ ਹੈ
ਮੇਰੇ ਕਿਰਦਾਰ ਤੇ ਸ਼ੰਕਾ
ਮੇਰੇ ਤੇ
ਕਈ ਇਲਜ਼ਾਮ ਧਰਦਾ ਹੈ

–0–

ਮੈਂ ਸਾਰੇ ਸ਼ਹਿਰ ਦੀ
ਵਸੋਂ ਦੀ ਮਾਂ ਹਾਂ
ਮੇਰੀ ਮਮਤਾ ਨੂੰ
ਸ਼ਹਿਰ ਨੇ ਕਬੂਲਣ ਦੀ ਥਾਂ
ਕੋਠੇ ਦਾ ਰਾਹ ਵਿਖਾਇਆ ਹੈ
ਤੇ ਮੇਰੀ ਮਮਤਾ ਨੂੰ
ਵੈਸ਼ੀਆ ਦਾ ਸਿਲਾ ਦਿੱਤਾ ਹੈ

–0–

ਤੁਸੀਂ
ਮੈਨੂੰ ਸਿਰਫ਼ ਤੱਕੋ
ਤੇ ਪਹਿਚਾਣੋ
ਮੈਂ ਕੌਣ ਹਾਂ
ਮੈਨੂੰ ਆਪਣੇ ਆਪ 'ਚ
ਤੇ
ਆਪਣੇ ਆਪ ਨੂੰ
ਮੇਰੇ 'ਚ ਨਾ ਉਤਾਰੋ

ਮੇਰੇ ਦਰ ਤੇ ਆਓ
ਤੇ ਪਰਤ ਜਾਓ

-0-

ਰਾਤ
ਆਪਣੀਆਂ ਅੱਧਰਾਂਗਨੀਆਂ
ਦੀ ਬੁੱਕਲ 'ਚ ਗੁਜ਼ਾਰੋ
ਦਿਨੇ
ਆਪਣੇ ਆਪ ਚੋਂ
ਅੱਧਰਾਂਗਨੀਆਂ
ਤੇ
ਅੱਧਰਾਂਗਨੀਆਂ ਚੋਂ
ਆਪਣੇ ਆਪ ਨੂੰ
ਮਨਫ਼ੀ ਕਰ ਲਵੋ
ਤੁਸੀਂ ਦੇਖੋਗੇ
ਕਿ ਪਿੱਛੇ ਸੁਬ੍ਹਾ ਰਹਿ
ਜਾਏਗੀ
ਜੋ ਰਾਤ ਦੇ ਮਿਲਣ ਦੀ
ਸਿਰਜਣਾ ਕਹਾਏਗੀ
ਤੇ
ਆਪਣੇ ਆਪ ਚੋਂ
ਚਿੱਟਾ ਦਿਨ ਜਨਮ ਜਾਏਗੀ
ਦਿਨ ਜੋ ਸ਼ਹਿਰ ਦਾ ਵਜ਼ੂਦ ਹੈ

ਜਿਸਦਾ ਸੱਚ
ਅੱਧਰਾਂਗਨੀ ਦੇ ਅੱਧ 'ਚ
ਮੌਜ਼ੂਦ ਹੈ

-0-

ਮੈਂ
ਸ਼ਹਿਰ ਤੋਂ
ਜਦ ਆਪਣਾ ਅੱਧ
ਮੰਗਿਆ
ਸ਼ਹਿਰ ਨੇ
ਆਪਣੇ ਦਿਨ ਦੇ ਵਜ਼ੂਦ ਚੋਂ
ਮੇਰੀ ਰਾਤ ਦਾ ਵਜ਼ੂਦ
ਮਨਫ਼ੀ ਕਰ ਦਿਤਾ
ਤੇ ਮੇਰੀ ਰਾਤ ਦੇ ਵਜ਼ੂਦ ਚੋਂ
ਮਨਫ਼ੀ ਹੋ ਗਿਆ

-0-

ਸ਼ਹਿਰ ਦੇ ਵਜ਼ੂਦ ਚੋਂ
ਮੈਂ ਤਾਂ ਮਨਫ਼ੀ ਹੋ ਗਈ
ਪਰ ਮੇਰਾ ਅੱਧ
ਤਾਂ
ਸ਼ਹਿਰ ਦੇ ਵਜ਼ੂਦ 'ਚ ਰਹਿ
ਗਿਆ
ਅੱਧਰਾਂਗਨੀਆਂ

ਸ਼ਹਿਰ ਦੇ ਦਿਨ ਦੇ
ਵਜ਼ੂਦ ਦਾ
ਸਾਲਮ ਹਿੱਸਾ ਨਹੀਂ
ਚਾਹੁੰਦੀਆਂ
ਸਿਰਫ਼
ਆਪਣਾ ਅੱਧ ਚਾਹੁੰਦੀਆਂ
ਹਨ
ਜੋ ਸੁਬ੍ਹਾ ਦੇ ਜਿਸਮ ਚੋਂ
ਦਿਨ ਦੇ ਵਜ਼ੂਦ 'ਚ
ਢਲਿਆ ਹੈ

-0-

ਅੱਧਰਾਂਗਨੀ ਦੀ ਅੱਖ 'ਚ
ਨਾ ਮਰਦ ਸਾਲਮ ਹੈ
ਨਾ ਮਰਦ
ਆਪਣੇ ਵਜ਼ੂਦ ਦੇ ਅੱਧ 'ਚ
ਸਾਲਮ ਹੈ
ਸੁਬ੍ਹਾ ਜਨਮ ਨਹੀਂ
ਸਕਦੀ
ਜਦ ਤੱਕ ਦਿਨ
ਆਪਣੀ
ਅੱਧਰਾਂਗਨੀ ਰਾਤ ਦਾ
ਵਜ਼ੂਦ
ਆਪਣੇ ਵਜ਼ੂਦ 'ਚ

ਉਤਾਰ ਨਹੀਂ ਲੈਂਦਾ
ਅੱਧਰਾਂਗਨੀ ਦੇ ਵਜੂਦ
ਬਿਨ
ਮਰਦ ਬਾਂਝ ਹੈ
ਹੋਂਦ ਰਹਿਤ ਹੈ
ਜੋ
ਅੱਧਰਾਂਗਨੀ ਦੀ ਹੋਂਦ
ਤਿਰਸਕਾਰਦਾ ਹੈ
ਸੱਚ ਤੇ ਸਵੈ ਅਭਿਮਾਨ ਨੂੰ
ਜ਼ਖ਼ਮੀ ਕਰਦਾ ਹੈ
ਕਿਰਦਾਰ ਤੇ ਸ਼ੰਕਾ
ਤੇ
ਅੱਧਰਾਂਗਨੀ ਤੇ ਕਈ
ਇਲਜ਼ਾਮ ਧਰਦਾ ਹੈ
ਆਪਣੇ ਪਾਪ ਦਾ ਭਾਂਡਾ
ਖ਼ੁਦ ਆਪ ਭਰਦਾ ਹੈ

---

## ਚੁੱਪ ਹੇਠ

ਆਪਣੀ ਚੁੱਪ ਹੇਠ
ਕਿਉਂ ਬੈਠਾ ਹੈਂ
ਓਹ ਵੇਖ
ਰੁੱਖ ਦੇ ਪੈਰਾਂ 'ਚ ਹੈ
ਛਾਂ ਝੂੱਲਦੀ
ਮਾਂ ਦੀ ਲੋਰੀ 'ਚ ਰੁੱਖ ਨਹੀਂ
ਰੁੱਖ ਦੀ ਮਮਤਾ 'ਚ ਹੈ
ਮਾਂ ਝੂੱਲਦੀ

-0-

ਆਪਣੀ ਚੁੱਪ ਚੋਂ
ਉੱਠ
ਰੁੱਖ ਦਿਆਂ ਪੱਤਿਆਂ 'ਚ
ਜੀਅ
ਹਵਾ ਨੂੰ
ਆਪਣੇ ਪਿੰਡੇ ਚੋਂ ਗੁਜ਼ਾਰ
ਚੁੱਪ ਨੂੰ
ਸ਼ੋਰ ਦੀ ਹੋਂਦ 'ਚ ਉਤਾਰ
ਮਲਿਹਾਰ ਗਾ
ਅੰਬਰ 'ਚ ਬੱਦਲ
ਉੱਗਾ

ਸੜਦੇ ਥਲਾਂ ਤੇ ਵਰ੍ਹ
ਥਲਾਂ ਚੋਂ
ਜ਼ਿੰਦਗੀ ਦਾ ਗੀਤ ਸੁਣ
ਹਵਾ ਨੂੰ ਛਾਣ
ਹਵਾ ਚੋਂ ਪ੍ਰਾਣ ਪੁਣ
ਪ੍ਰਾਣ ਮਿੱਟੀ ਦੇ ਦੇਹੀ 'ਚ
ਉਤਾਰ
ਮਿੱਟੀ ਚੋਂ
ਜੀਵਨ ਉਸਾਰ

-0-

ਆਪਣੀ ਚੁੱਪ ਚੋਂ ਉੱਠ
ਸਮੁੰਦਰ ਦੀਆਂ ਲਹਿਰਾਂ 'ਚ
ਜੀਅ
ਬੂੰਦ ਬੂੰਦ ਘੁੱਟ ਘੁੱਟ ਕਰਕੇ
ਸਮੁੰਦਰ ਪੀ
ਜਦ
ਸਾਰਾ ਸਮੁੰਦਰ ਪੀ
ਗਿਆ
ਸਮਝੀਂ ਆਪਣੀ ਚੁੱਪ ਨੂੰ
ਜੀਅ ਗਿਆ
ਤੇਰੀ ਚੁੱਪ 'ਚ ਮੱਛੀਆਂ

ਤਰਨਗੀਆਂ
ਤੇਰੀ ਚੁੱਪ ਕਿਨਾਰੇ
ਕੂੰਜਾਂ ਦੀਆਂ ਡਾਰਾਂ
ਠਹਿਰਣਗੀਆਂ
ਤੇਰੀ ਚੁੱਪ ਚੋਂ
ਜੰਗਲ ਉੱਗ ਆਉਣਗੇ
ਤੇਰੀ ਚੁੱਪ 'ਚ
ਬਹਾਰਾਂ ਨਿਰਤ ਕਰਨਗੀਆਂ
ਮੋਰ ਪੈਲਾਂ ਪਾਉਣਗੇ
ਮੌਸਮ
ਗੁਣਗਣਾਉਣਗੇ

-0-

ਤੇਰੀ ਚੁੱਪ ਦੇ ਬਾਗ਼ਾਂ ਚੋਂ
ਕੋਇਲ ਬੋਲੇਗੀ
ਰੁੱਖਾਂ 'ਚ ਬ੍ਰਿਹਾ ਦਾ ਰੰਗ
ਘੋਲੇਗੀ
ਰੁੱਖ ਵਿਯੋਗ ਦੇ ਮਾਰੇ
ਮਿਲਣ ਲਈ
ਜੰਗਲ ਵੱਲ ਤੁਰਨਗੇ
ਦਰਿਆਵਾਂ ਤੇ ਨਦੀਆਂ
ਦੇ ਕਿਨਾਰੇ ਭੁਰਨਗੇ
ਜਲ ਸੰਗ ਜਲ ਮਿਲੇਗਾ

ਨਵੇਂ ਵਹਿਣ ਜਨਮਣਗੇ
ਸੱਜਰੀ ਸੁਬ੍ਹਾ ਕਲੀ
ਕੋਈ ਜਦ ਅੱਖ ਖੋਲ੍ਹੇਗੀ
ਕਲੀ ਦੀ ਖ਼ੁਸ਼ਬੂ ਬੋਲੇਗੀ
ਭਵਰੇ ਨੂੰ ਪੁਕਾਰੇਗੀ
ਕਲੀ ਆਪਣੀ ਬੁੱਕਲ 'ਚ
ਜੀਵਨ ਉਤਾਰੇਗੀ

-0-

ਆਪਣੀ ਚੁੱਪ ਹੇਠ
ਕਿਉਂ ਬੈਠਾ ਹੈਂ
ਉਹ ਵੇਖ ਰੁੱਖ ਦੇ ਪੈਰਾਂ ਦੀ
ਛਾਂ ਹੈ ਝੂੱਲਦੀ
ਮਾਂ ਦੀ ਲੋਰੀ 'ਚ ਰੁੱਖ ਨਹੀਂ
ਰੁੱਖ ਦੀ ਮਮਤਾ 'ਚ
ਮਾਂ ਹੈ ਝੂੱਲਦੀ
ਚੁੱਪ ਚੋਂ ਨਿਕਲ
ਪਹਾੜਾਂ 'ਚ ਉਤਰ
ਪਹਾੜਾਂ ਨੂੰ ਪੈਰ ਲਾ
ਜੰਗਲਾਂ ਨੂੰ ਤੁਰਨਾ ਸਿੱਖਾ
ਪੱਥਰਾਂ 'ਚ
ਗਤੀਆਂ ਉਤਾਰ ਦੇ
ਨਵੀਂ ਧਰਤੀ

ਵਿਛਾ ਦੇ ਮਨੁੱਖ ਦੇ ਪੈਰਾਂ 'ਚ
ਨਵਾਂ ਅੰਬਰ
ਮਨੁੱਖ ਦੇ ਸਿਰ ਤੇ ਤਾਣ ਦੇ
ਹੰਝੂਆਂ 'ਚ ਹਾਸੇ ਭਰ
ਹਾਸਿਆਂ 'ਚ
ਰੌਣਕਾਂ ਉਤਾਰ ਦੇ

-0-

ਮਨੁੱਖ ਹੈ
ਜੋ ਮਨੁੱਖ ਤੋਂ ਦੂਰ ਹੋ
ਗਿਆ
ਮਨੁੱਖ ਦੀ ਮਿੱਟੀ 'ਚ
ਮਨੁੱਖ ਦਾ ਸੱਚ ਘੋਲ ਦੇ
ਸੜ ਰਹੀ ਹੈ
ਮਨੁੱਖਤਾ ਸਦੀਆਂ ਤੋਂ
ਜੋ ਮੁਥਾਜ਼ੀ ਦੀ ਅੱਗ 'ਚ
ਠਾਰ ਦੇ
ਸਾਗਰਾਂ ਦੇ ਅੰਬਰੀਂ
ਸੂਰਜ ਚੜ੍ਹਾ
ਸਹਿਰਾ ਦੇ ਰਾਤ ਦਿਨ 'ਚ
ਚੰਨ ਉਤਾਰ ਦੇ

-0-

ਜ਼ਿੰਦਗੀ
ਪੁਕਾਰ ਰਹੀ ਹੈ ਸਹਿਰਾ ਚੋਂ
ਕਾਫ਼ਲੇ ਰੁੱਖਾਂ ਦੇ

ਸਹਿਰਾ 'ਚ ਉਤਾਰ ਦੇ
ਪੰਛੀਆਂ ਦੇ ਬੋਲ
ਗੂੰਜਣਗੇ ਸਹਿਰਾ ਚੋਂ
ਹਵਾ ਰੁੱਖਾਂ ਚੋਂ ਗੁਜ਼ਰਦੀ
ਸਹਿਰਾ ਦਾ ਪਿੰਡਾ
ਠਾਰੇਗੀ
ਸਹਿਰਾ ਦੇ ਕੰਠ ਚੋਂ
ਜ਼ਿੰਦਗੀ ਪੁਕਾਰੇਗੀ
ਜੀਵਨ ਆ ਵੱਸ
ਮੇਰੇ ਵਿਹੜੇ
ਤੇਰੀ ਦੀਦ ਲਈ
ਤਰਸਦੇ ਨੈਣ ਨੇ ਮੇਰੇ

-0-

ਆਪਣੀ ਚੁੱਪ ਹੇਠ
ਕਿਉਂ ਬੈਠਾ ਹੈਂ
ਓਹ ਵੇਖ ਰੁੱਖ ਦੇ ਪੈਰਾਂ 'ਚ
ਛਾਂ ਹੈ ਝੂੱਲਦੀ
ਮਾਂ ਦੀ ਲੋਰੀ 'ਚ ਰੁੱਖ ਨਹੀਂ
ਰੁੱਖ ਦੀ ਮਮਤਾ 'ਚ ਮਾਂ ਹੈ
ਝੂੱਲਦੀ

---

## ਪ੍ਰੱਭੂ ਜੀ

ਪ੍ਰੱਭੂ ਜੀ
ਤੁਸੀਂ
ਮੇਰੇ ਪ੍ਰਾਣਾਂ 'ਚ ਘੁਲੇ ਹੋ
ਮੇਰੇ
ਦਿਲ 'ਚ ਉਤਰੇ ਹੋ
ਮੇਰੇ
ਦਿਲ 'ਚ ਪੈਰ ਧਰਦਿਆਂ ਹੀ
ਮੇਰੀ ਦੇਹ ਚੋਂ
ਦਿਸ਼ਾਵਾਂ ਮੰਜ਼ਿਲਾਂ
ਤੇ
ਰਾਹਾਂ ਉੱਗ ਆਈਆਂ
ਸਾਰਾ ਬ੍ਰਹਿਮੰਡ ਹੈ
ਮੇਰੇ ਵਿਚ ਸਮਾਇਆ
ਦਾਇਰਿਆਂ ਦਾ
ਅਕਾਰ ਰਹਿਤ ਦਾਇਰਾ
ਮੇਰੇ
ਬਿੰਦੂ ਵਿਚ ਉਤਰ
ਆਇਆ

-0-

ਲੱਗਦਾ ਹੈ
ਮੈਂ ਬੂੰਦ ਤੋਂ ਸਾਗਰ
ਜ਼ਰਿਓਂ
ਪਹਾੜ ਹੋਇਆ ਹਾਂ

ਸਾਰੀ ਕਾਇਨਾਤ
ਮੇਰੇ 'ਚ
ਸਾਰੀ ਕਾਇਨਾਤ 'ਚ
ਮੈਂ ਸਮੋਇਆ ਹਾਂ

-0-

ਮਨੁੱਖਤਾ ਦਾ ਸਾਗਰ
ਮੇਰੇ ਦਿਲ ਦੇ ਵਿਹੜੇ
ਹੈ ਆ ਵੱਸਿਆ
ਜੰਗਲ ਦਰਿਆਵਾਂ
ਨਦੀਆਂ ਚਸ਼ਮਿਆਂ
ਝਰਨਿਆਂ ਦਾ ਮੇਲਾ
ਹੈ ਮੇਰੀ ਦੇਹ ਵਿਚ
ਲੱਗਿਆ

-0-

ਮੇਰੇ 'ਚ ਇਹ ਸਭ
ਕੁੱਝ ਸਮਾਇਆ
ਜਿਵੇਂ ਸਭ ਕੁੱਝ ਹੀ ਮੇਰਾ ਹੈ
ਦੁਨੀਆਂ ਦੇ ਐਸ਼ੋਇਸ਼ਰਤ
ਸੁੱਖ ਅਰਾਮ ਰੂਪ
ਸੁੰਦਰਤਾ
ਨਿਰਤ ਰੰਗ ਰਾਗ ਸੰਗੀਤ ਦਾ
ਮੇਰੀ ਦੇਹ 'ਚ ਡੇਰਾ ਹੈ

-0-

ਪਰ ਇਹ ਸਭ ਕੁੱਝ
ਤੇਰੀ ਮਿਹਰ ਦੀ
ਇਕ ਨਿਗ੍ਹਾ ਸਦਕਾ ਹੈ
ਮੇਰੇ ਜਿਹੇ ਕਈ ਦਿਲ
ਖੁੱਲ੍ਹੇ ਦਰ ਦਰਵਾਜ਼ੇ ਬਣ
ਤੇਰੀ
ਇਕ ਝੱਲਕ ਲਈ
ਸਦੀਆਂ ਤੋਂ ਖੜ੍ਹੇ ਨੇ
ਪਰ ਵੀਰਾਨ ਚੁੱਪ ਤੇ
ਉਦਾਸ ਨੇ
ਨਾ ਆਪਣੇ ਹੀ ਆਪ ਦੇ
ਨਾ ਤੇਰੇ ਹੀ ਪਾਸ ਨੇ

-0-

ਕਿੰਨਾ ਵੀ ਯਤਨ ਕਰੇ
ਕੋਈ
ਜੇ ਤੂੰ ਆਪ ਨਾ ਚਾਹੇਂ
ਉਹ ਤੇਰੀ ਨਿਗ੍ਹਾ 'ਚ
ਆ ਨਹੀਂ ਸਕਦਾ
ਹੀਰਾ ਹੋ
ਪੱਥਰਾਂ 'ਚ ਰੁਲਦਾ ਹੈ
ਤਖ਼ਤ ਤੇ ਬੈਠਾ
ਬਾਦਸ਼ਾਹ ਅੱਖਵਾ ਨਹੀਂ ਸਕਦਾ

-0-

ਤੇਰੀਆਂ ਨਜ਼ਰਾਂ 'ਚ
ਰਹਿਣ ਦੀ
ਖ਼ੁਸ਼ੀ ਅਥਾਹ ਹੈ
ਕੋਈ ਗ਼ਮ ਨਹੀਂ
ਦੁਨੀਆਂ ਦਾ
ਨਾ ਹੀ ਦੁਨੀਆਂ ਦੀ
ਪ੍ਰਵਾਹ ਹੈ
ਤੇਰੀ ਨਿਹਮਤ ਹੀ
ਪ੍ਰਮਾਣ ਹੈ
ਕਿ ਮੈਂ ਤੇਰੇ ਕਰੀਬ ਹਾਂ
ਹੈ ਸੱਚ
ਕਿ ਮੈਂ ਤੇਰੇ ਹੱਥਾਂ ਦਾ
ਹੀ ਲਿਖਿਆ ਨਸੀਬ ਹਾਂ

---

## ਨਿੱਖਰੀ ਧੁੱਪ

ਕਿੱਥੇ ਅਗਾਜ਼ ਹੈ ਮੇਰਾ
ਕਿੱਥੇ ਅਨਜ਼ਾਮ ਹੈ ਮੇਰਾ
ਇਹ ਖ਼ੁਸ਼ਬੂ
ਪਤਾ ਨਹੀਂ ਕਿੱਥੋਂ ਆਈ ਹੈ
ਕਿੱਥੇ ਇਸ ਜਾਣਾ ਹੈ
ਕਿੱਥੇ ਇਸਦਾ ਟਿਕਾਣਾ
ਇਹ ਮੇਰੇ ਅੱਗੇ ਵੀ ਹੈ
ਪਿੱਛੇ ਵੀ ਹੈ ਦੁਆਲੇ ਵੀ ਹੈ
ਇਸਦੀ ਕੀ ਸੱਚਾਈ ਹੈ
ਪਤਾ ਨਹੀਂ
ਇਹ ਖ਼ੁਸ਼ਬੂ ਕਿੱਥੋਂ ਆਈ ਹੈ

–0–

ਖ਼ੁਸ਼ਬੂ
ਜੋ ਦਿੱਸਹੱਦੇ ਤੋਂ ਪਾਰ ਤੱਕ
ਫੈਲੀ ਹੈ
ਮੈਨੂੰ ਪਿੱਛੇ ਲਾ
ਪਤਾ ਨਹੀਂ
ਕਿੱਥੇ ਲਿਜਾ ਰਹੀ ਹੈ
ਮੈਂ ਨਿਕਲ ਆਇਆ ਹਾਂ
ਦੂਰ ਆਪਣੇ ਆਪ ਤੋਂ

ਮੈਂ ਅੱਗੇ ਨਿਕਲ ਆਇਆ ਹਾਂ
ਦੁਨੀਆਂ ਦੇ
ਮੋਹਮਾਇਆ ਤੇ ਸ਼ਬਾਬ ਤੋਂ
ਪਿੱਛੇ ਛੱਡ ਆਇਆ ਹਾਂ
ਕਣਕ ਦੇ ਹਰਿਆਂ ਭਰਿਆਂ
ਖੇਤਾਂ ਨੂੰ
ਮਹਿਕਾਂ ਲੱਦੀਆਂ ਗੁਲਜ਼ਾਰਾਂ ਨੂੰ
ਮੈਂ ਇਸ ਖ਼ੁਸ਼ਬੂ ਦੇ
ਪਿੱਛੇ ਪਿੱਛੇ ਤੁਰਦਾ
ਪਿੱਛੇ ਛੱਡ ਆਇਆ ਹਾਂ
ਧਰਤੀ ਅਕਾਸ਼ ਨੂੰ
ਮੌਸਮਾਂ ਰੁੱਤਾਂ ਬਹਾਰਾਂ ਨੂੰ

-0-

ਇਸ ਖ਼ੁਸ਼ਬੂ ਦੇ ਪਿੱਛੇ
ਮੈਂ ਆਪਣਾ ਆਪ ਗੁਵਾਇਆ ਹੈ
ਅਜੇ ਤੱਕ
ਇਸਦਾ ਕੋਈ ਵੀ ਜਲਵਾ
ਨਾ ਮੈਨੂੰ ਨਜ਼ਰ ਆਇਆ ਹੈ
ਹਵਾ ਵਾਂਗ ਇਹ ਨਿਰੰਤਰ
ਫੈਲਦੀ ਜਾ ਰਹੀ ਹੈ
ਪਤਾ ਨਹੀਂ
ਇਹ ਕਿੱਥੋਂ ਆ ਰਹੀ ਹੈ
ਕਿੱਥੇ ਜਾ ਰਹੀ ਹੈ

-0-

ਇਸਦੇ ਪਿੱਛੇ
ਮੈਂ ਏਨਾ ਦੂਰ ਆ ਗਿਆਂ
ਜਿੱਥੇ ਨਾ ਆਦਮੀ
ਨਾ ਆਦਮੀ ਦੀ ਜ਼ਾਤ ਹੈ
ਨਾ ਪੈਰਾਂ 'ਚ ਧਰਤ ਹੈ
ਨਾ ਸਿਰ ਤੇ ਅਕਾਸ਼ ਹੈ
ਇਹ ਕਿਹੜੀ ਥਾਂ ਹੈ
ਜਿੱਥੇ ਨਾ
ਆਪਣੇ ਘਰ ਦਾ ਰਾਹ ਯਾਦ ਹੈ
ਨਾ ਆਪਣੀ ਹੀ ਪਹਿਚਾਣ ਹੈ
ਨਾ ਆਪਣਾ ਆਪਾ
ਅੱਖੀਆਂ 'ਚ ਨਾ
ਦਿਲ 'ਚ ਅਬਾਦ ਹੈ

-0-

ਇਸ ਮੁਕਾਮ ਤੇ
ਮੈਂ ਆਪਣੇ ਆਪ ਚੋਂ
ਕਤਰਾ ਕਤਰਾ ਹੋ ਕੇ ਚੋ ਗਿਆ ਹਾਂ
ਖ਼ੁਸ਼ਬੂ ਦੀ ਭਾਲ 'ਚ
ਲਗਦੈ ਖ਼ੁਸ਼ਬੂ ਹੋ ਗਿਆ ਹਾਂ

-0-

ਇਕ ਪੁੰਜ ਨੂਰ ਦਾ
ਨੈਣਾਂ 'ਚ ਕਿਰਨਾਂ ਪਾ
ਮੱਥੇ ਤੇ ਚੰਨ ਲਟਕਾ

ਆਪਣਾ ਬਦਨ ਕਲੀ ਕਰਾ
ਆਪਣੇ ਦੁਆਲੇ ਨੂਰ ਓੜ
ਪੈਰਾਂ 'ਚ ਰੁੱਤਾਂ ਬਹਾਰਾਂ
ਮੌਸਮ ਖਿਲਾਰ
ਚੰਨ ਦੀ ਚਾਂਦਨੀ ਸਾਹਾਂ 'ਚ ਉਤਾਰ
ਪੌਣਾਂ ਦੇ ਘੁੰਡ 'ਚ ਛੁਪਾ ਕੇ ਨੈਣ
ਮੇਰੀ ਦੇਹ ਚੋਂ ਨਿਕਲਿਆ
ਤੇ ਮੇਰੇ ਸਾਵੇਂ ਆ ਖਲੋ ਗਿਆ
ਮੇਰਾ ਹੀ ਰੰਗ ਰੂਪ ਅੰਗ ਨਕ਼ਸ਼
ਨੈਣ ਚਿਹਰਾ
ਤੇ ਮੇਰੀ ਹੀ ਪਹਿਚਾਣ ਹੋ ਗਿਆ
ਉਸ ਘੁੰਡ ਆਪਣਾ ਖੋਲ੍ਹਿਆ
ਤੇ ਮੇਰੀ ਅਵਾਜ਼ 'ਚ ਹੀ
ਬੋਲਿਆ

-0-

ਉਹ ਸੋਹਣੇ ਨੈਣਾਂ ਵਾਲਿਆ
ਸੋਹਣੇ ਬੋਲਾਂ ਵਾਲਿਆ
ਸਿੱਧਿਆ ਸਾਦਿਆ
ਭੋਲਿਆ ਭਾਲਿਆ
ਮੈਂ ਹੀ ਤੇਰੇ ਅੱਗੇ ਪਿੱਛੇ
ਫ਼ਿਰਦੀ ਖ਼ੁਸ਼ਬੂ ਹਾਂ
ਮੈਂ ਹੀ ਤੇਰਾ ਜਿਸਮ
ਤੇਰੀ ਰੂਹ ਹਾਂ
ਜੋ ਉਂਗਲੀ ਲਾ ਤੈਨੂੰ

ਤੇਰੇ ਖੋਲ਼ ਚੋ ਬਾਹਰ ਲੈ ਆਈ ਹਾਂ
ਮੈਂ ਹੀ ਤੇਰਾ ਸੱਚ ਹਾਂ
ਮੈਂ ਹੀ ਤੇਰੀ ਹੋਂਦ ਦੀ ਸੱਚਾਈ ਹਾਂ

-0-

ਤੂੰ ਸਭ ਕੁੱਝ ਤਿਆਗ਼
ਆਪਣੇ ਚੋਂ ਮੋਹ ਮਾਇਆ
ਲੋਭ ਮੋਹ ਹੰਕਾਰ ਨਿਚੋੜ
ਆਪਣੇ ਸੱਚ 'ਚ ਸਮਾਇਆ ਹੈਂ
ਤੂੰ ਜਿਸਨੂੰ ਭਾਲਦਾ ਹੈਂ
ਮੈਂ ਤੇਰੀ ਖ਼ੁਸ਼ਬੂ ਦਾ ਸੱਚ ਹਾਂ
ਇਸ ਸੱਚ ਨੂੰ
ਸੱਚ ਦੀ ਕੋਠੜੀ 'ਚ ਉਤਾਰ ਲੈ
ਇਸ ਸੱਚ ਦੇ ਕਰ ਦੀਦਾਰ ਲੈ
ਦਿਲ 'ਚ ਵਸਾ ਪਲਕਾਂ ਤੇ ਬਿਠਾ
ਇਸ ਦੇ ਘੁੱਟ ਭਰ
ਚੂਲੀ ਚੂਲੀ ਕਰਕੇ ਪੀ
ਇਸ ਸੱਚ ਦਾ ਹੋ ਕੇ ਜੀਅ

-0-

ਸੁਣੀ ਜਦ
ਆਪਣੀ ਪਹਿਚਾਣ ਚੋਂ
ਆਪਣੀ ਹੀ ਅਵਾਜ਼ ਮੈਂ
ਮੁਜੱਸਮਾ ਨੂਰ ਦਾ
ਉਹ
ਮੇਰਾ ਸਰੂਪ ਹੋ ਗਿਆ

ਮਸਤਕ ਲੋਅ ਨਾਲ ਭਰ ਗਿਆ
ਹੜ੍ਹ ਚਾਨਣ ਦਾ
ਦੇਹ ਦੇ ਦਰਿਆ ’ਚ ਵਹਿ ਗਿਆ
ਲੱਖਾਂ ਸੂਰਜਾਂ ਦਾ ਕਾਫ਼ਲਾ
ਮੇਰੇ ਲਹੂ ’ਚ ਲਹਿ ਗਿਆ
ਨੂਰ ਨੂਰ ਕਰ ਗਿਆ
ਤੇ
ਮੇਰੀ ਦੇਹ ਦੇ ਕਿਨਾਰੇ ਰੋੜ੍ਹ
ਲੈ ਗਿਆ

-0-

ਮੇਰੀਆਂ ਬੰਦਸ਼ਾਂ ਟੁੱਟੀਆਂ
ਮੈਂ ਸੁਤੰਤਰਤਾ ਦੀ
ਸੁਤੰਤਰਤਾ ਹੋ ਗਿਆ
ਬਿੰਦੂ ਤੋਂ ਦਾਇਰਿਆਂ ਦੇ
ਦਾਇਰੇ ’ਚ ਫੈਲਿਆ
ਮੇਰਾ ਕੋਈ ਅਕਾਰ ਨਾ ਰਿਹਾ
ਕੋਈ ਵਿਸਥਾਰ ਨਾ ਰਿਹਾ
ਕੋਈ ਆਰ ਨਾ ਰਿਹਾ
ਕੋਈ ਪਾਰ ਨਾ ਰਿਹਾ
ਉਹ ਅਗਾਜ਼ ਸੀ ਮੇਰਾ
ਇਹ ਅਨਜ਼ਾਮ ਹੈ ਮੇਰਾ
ਵਿਸਥਾਰ ਰਹਿਤ ਵਿਸਥਾਰ ਹੈ ਮੇਰਾ
ਅਨੁਭਵ ਕਲਪਨਾ ਚੇਤਨਾ ਰਹਿਤ
ਪਰਵਾਜ਼ ਰਹਿਤ ਪਰਵਾਜ਼ ਹੈ ਮੇਰਾ

---

## ਅੰਕੁਰ ਤੇ ਆਕਾਰ

ਤੇਰੇ ਸਾਏ ਵਾਂਗ ਮੈਂ
ਤੇਰੇ ਨਾਲ ਤੁਰਦਾ ਰਹਾਂਗਾ
ਕਦੀ ਤੇਰੇ ਹੱਥਾਂ ਚੋਂ
ਰੇਤ ਵਾਂਗ ਕਿਰਾਂਗਾ
ਕਦੀ ਦਿੱਸਹੱਦਿਆਂ ਤੋਂ ਪਾਰ
ਤੇਰੇ ਸੰਗ ਨਜ਼ਰ ਆਵਾਂਗਾ

-0-

ਤੇਰੇ ਪੈਰਾਂ ਦਾ ਸਫ਼ਰ ਬਣ
ਉੱਥੇ ਤੱਕ ਚਲਾਂਗਾ
ਜਿੱਥੋਂ ਤੱਕ ਬਹਾਰਾਂ ਪਤਝੜਾਂ
ਦਿਸ਼ਾਵਾਂ ਤੁਰਦੀਆਂ ਹਨ
ਤੇ ਗੁੰਮ ਹੋ ਜਾਂਦੀਆਂ ਹਨ

-0-

ਸੂਰਜ ਵਾਂਗ ਚੜ੍ਹਿਆ ਰਹਾਂਗਾ
ਉੱਥੇ ਤੱਕ ਤੁਰਦਾ ਰਹਾਂਗਾ
ਜਿੱਥੋਂ ਤੱਕ ਨਜ਼ਰ ਵੀ ਨਹੀਂ ਜਾਦੀ
ਕਿਰਨ ਵੀ ਨਹੀਂ ਜਾਂਦੀ
ਉੱਥੋਂ ਤੱਕ
ਜਿੱਥੋਂ ਤਕ ਜ਼ਿੰਦਗੀ ਦਾ ਆਦਿ ਹੈ
ਅੰਤ ਨਹੀਂ
ਮੇਰਾ ਵਾਅਦਾ ਹੈ ਤੇਰੇ ਨਾਲ

ਸਫ਼ਰ ਕਰਨ ਦਾ
ਦਿੱਸਹੱਦਿਆਂ ਦੇ ਦਿੱਸਹੱਦੇ ਤਰਨ ਦਾ

-0-

ਮੈਂ ਤੇਰੇ ਨਾਲ ਰੌਣਕਾਂ ਦੀ ਕੁੱਖ਼
ਮੌਸਮਾਂ ਰੁੱਤਾਂ ਰੰਗਾਂ ਦੇ
ਅੰਤ ਤੱਕ ਜਾਵਾਂਗਾ
ਤੇਰੇ ਜਿਸਮ 'ਚ ਪ੍ਰਵੇਸ਼ੀ
ਰੂਹ ਦੇ ਆਦਿ ਅੰਤ ਤਕ ਜ਼ਾਵਾਂਗਾ
ਤੇਰੇ ਪ੍ਰਾਣਾਂ ਦੇ ਆਦਿ
ਅੰਤ 'ਚ ਉਤਰਾਂਗਾ
ਤੇਰੇ ਸੰਗ ਸਮੇਂ ਜਿੱਡਾ ਲੰਮੇਰਾ
ਸਾਥ ਨਿਭਾਵਾਂਗਾ
ਕਿਉਂਕਿ
ਤੇਰੇ ਲਹੂ ਦੀ ਗਤੀ ਹਾਂ ਮੈਂ
ਤੇਰੀ ਦੇਹ ਦੀ ਪ੍ਰਕਰਮਾ ਹਾਂ ਮੈਂ
ਤੇਰੇ 'ਚ ਵਸਦੇ ਬ੍ਰਹਿਮੰਡ ਦੇ
ਉੜਣ ਦਾ ਸਫ਼ਰ ਹਾਂ ਮੈਂ

-0-

ਤੂੰ ਆਪਣੇ ਸਫ਼ਰ 'ਚ
ਕਦੀ ਵੀ ਆਪਣੇ ਆਪ ਨੂੰ
ਇਕੱਲਾ ਨਾ ਸਮਝੀਂ
ਤੇਰੀ ਭੀੜ ਤੋਂ ਤੇਰੀ ਇਕੱਲਤਾ ਤੱਕ
ਤੇਰੇ ਆਪਣੇ ਆਪ ਦੇ ਵਿਛੜਣ ਤੋਂ

ਮਿਲਣ ਤੱਕ ਜਾਵਾਂਗਾ ਮੈਂ
ਤੇਰੀ ਹਸਤੀ ਤੋਂ ਅਹਸਤੀ ਦੇ
ਸਫ਼ਰ 'ਚ ਨਜ਼ਰ ਆਵਾਂਗਾ ਮੈਂ

-0-

ਜਿੱਥੇ ਤੇਰੇ ਬਿਨ ਕੋਈ ਨਾ ਹੋਵੇ
ਜਿੱਥੇ ਤੂੰ ਆਪਣੇ ਆਪ 'ਚ ਵੀ
ਨਾ ਹੋਵੇ
ਤੇਰਾ ਖਲਾਅ ਹੋ ਕੇ
ਤੇਰੀ ਅਹੋਂਦ ਤੋਂ ਹੋਂਦ ਦਾ
ਸੱਚ ਕਹਾਵਾਂਗਾ ਮੈਂ

-0-

ਹੁਣ ਤੂੰ ਮਦਰੱਸੇ ਜਾ
ਪੈਂਤੀ ਅੱਖਰੀ ਲਿਖ ਤੇ ਪੜ੍ਹ
ਜਦੋਂ ਤੂੰ ਮਦਰੱਸੇ ਤੋਂ
ਤੀਸਰੀ ਅੱਖ ਖੋਲ੍ਹਕੇ ਆਵੇਂਗੀ
ਮੈਂ ਕੌਣ ਹਾਂ
ਮੈਂ ਤੇਰਾ ਕੀ ਹਾਂ ਸਮਝ ਜਾਵੇਂਗੀ
ਸੂਰਜ ਚੜ੍ਹਣ ਦਾ
ਧਰਤੀ ਦੇ ਘੁੰਮਣ ਦਾ ਸੱਚ
ਜਾਣੇਂਗੀ
ਤੂੰ ਆਪਣੇ ਆਪ ਹੀ
ਮੇਰੇ ਚੋਂ ਉੱਗਦੀ ਨਜ਼ਰ ਆਵੇਂਗੀ
ਤੇ ਮੈਨੂੰ
ਆਪਣੀ ਦੇਹ 'ਚ ਹੀ ਪਾਵੇਂਗੀ

----

## ਅੰਬਰ 'ਚ ਉੱਗਿਆ ਰੁੱਖ਼

ਅੰਬਰ 'ਚ ਉੱਡਦੇ ਪੰਛੀ ਨੂੰ
ਜਿਮੀਂ ਤੇ ਇਕ ਰੁੱਖ਼ ਨਜ਼ਰ
ਆਇਆ
ਜੋ ਫੁੱਲਾਂ ਫੱਲਾਂ ਬਹਾਰਾਂ ਮੌਸਮਾਂ
ਰੁੱਤਾਂ ਤੇ ਖ਼ੁਸ਼ਬੂਆਂ ਨਾਲ ਲੱਦਿਆ ਸੀ
ਉਸਦੇ ਪੈਰਾਂ 'ਚ ਛਾਂਵਾਂ ਸਨ
ਸਿਰ ਤੇ ਆਲ੍ਹਣਿਆਂ 'ਚ
ਜੀਵਨ ਦਾ ਵਸੇਰਾ ਸੀ

-0-

ਪੰਛੀ ਅੰਬਰ ਤੋਂ
ਉਸ ਰੁੱਖ਼ ਤੇ ਆ ਬੈਠਾ
ਪੰਛੀ ਨੇ ਵੇਖਿਆ
ਰੁੱਖ਼ ਦੇ ਆਲ੍ਹਣਿਆਂ 'ਚ
ਬੋਟਾਂ ਦੀਆਂ ਲਾਸ਼ਾਂ ਸਨ
ਪਿੰਡੇ ਤੇ ਪਤਝੜ ਉਦਾਸੀਆਂ
ਉਜਾੜਾਂ ਦਾ ਵਸੇਰਾ ਸੀ
ਰੁੱਖ਼ ਦੀ ਨਾ ਕੋਈ ਛਾਂ ਸੀ
ਨਾ ਪੱਤਾ ਨਾ ਫੁੱਲ ਸੀ

-0-

ਪੈਰਾਂ 'ਚ
ਕਈਆਂ ਆਂਡਿਆਂ ਦੇ
ਤਿੜਕੇ ਖੋਲ ਸਨ

ਕਈ ਪੰਛੀਆਂ ਦੇ
ਸੁੱਕੇ ਪਿੰਜਰ ਸਨ
ਸੁੱਕਿਆਂ ਪੱਤਿਆਂ ਦੀਆਂ ਲਾਸ਼ਾਂ
ਉਸਦੀਆਂ ਜੜ੍ਹਾਂ 'ਚ
ਖਿਲਰੀਆਂ ਸਨ
ਚੁੱਪ ਤੇ ਮੌਤ ਦਾ ਸਰਨਾਟਾ
ਉਸਦੇ ਤਣੇ ਚੋਂ ਝਾਕਦਾ ਸੀ

-0-

ਰੁੱਖ਼ ਨੇ ਪੰਛੀ ਨੂੰ ਪੁੱਛਿਆ
ਤੂੰ ਕਿੱਥੇ ਦਾ ਹੈਂ ਕਿੱਥੋਂ ਆਇਆ ਹੈਂ
ਪੰਛੀ ਬੋਲਿਆ
ਮੈਂ ਅੰਬਰ ਦਾ ਹਾਂ
ਅੰਬਰ ਤੋਂ ਆਇਆ ਹਾਂ
ਮੈਨੂੰ ਤੇਰੇ 'ਚ ਜੀਵਨ ਨਜ਼ਰ
ਆਇਆ ਸੀ
ਮੈਂ ਅੰਬਰ ਤੋਂ ਇਸ ਲਈ
ਉਤਰ ਆਇਆ ਸਾਂ

-0-

ਰੁੱਖ਼ ਬੋਲਿਆ
ਤੂੰ ਅੰਬਰ ਦਾ ਪੰਛੀ ਹੈ
ਤੇਰੇ ਖ਼ਿਆਲਾਂ ਦੇ ਰੁੱਖ਼
ਅੰਬਰ 'ਚ ਹੀ ਉੱਗਦੇ ਹਨ
ਧਰਤੀ ਤੇ ਨਹੀਂ

ਜੇ ਤੂੰ
ਮੈਨੂੰ ਅੰਬਰ ਤੋਂ ਹੀ ਪੁੱਛ ਲੈਂਦਾ
ਮੈਂ ਤੈਨੂੰ ਦੱਸ ਦੇਣਾ ਸੀ
ਤੂੰ ਮੇਰੇ ਕੋਲ ਨਾ ਆਈਂ
ਮੇਰੇ ਕੋਲ ਤੇਰੇ ਲਈ
ਕੁੱਝ ਵੀ ਨਹੀਂ
ਨਾ ਹਰਿਆਵਲ ਨਾ ਫੁੱਲ
ਨਾ ਫੱਲ ਨਾ ਟਹਿਣੀਆਂ ਨਾ ਪੱਤੇ

-0-

ਪੰਛੀ ਹੈਰਾਨ ਹੋਇਆ
ਤੇ ਬੋਲਿਆ
ਤੂੰ ਤਾਂ ਧਰਤੀ ਤੇ ਹੈਂ
ਤੈਨੂੰ ਅੰਬਰ ਤੋਂ ਕਿਵੇਂ ਪੁੱਛਦਾ

-0-

ਰੁੱਖ ਬੋਲਿਆ
ਮੈਂ ਧਰਤੀ ਦਾ ਬੀਜ ਹਾਂ
ਪਰ ਚਾਹੁੰਦਾ ਸਾਂ
ਅੰਬਰ 'ਚ ਉੱਗਣਾ
ਮੈਂ ਅੰਬਰ 'ਚ ਉੱਗਿਆ
ਮੇਰੀਆਂ ਜੜ੍ਹਾਂ
ਅਕਾਸ਼ 'ਚ ਸਨ ਜ਼ਮੀਨ 'ਚ ਨਹੀਂ
ਪਤਾ ਨਹੀਂ ਸੀ
ਅਕਾਸ਼ 'ਚ ਬੀਜ ਨਹੀਂ
ਕਲਪਣਾ ਉੱਗਦੀ ਹੈ

ਜਿਨ੍ਹਾਂ ਦੀਆਂ ਜੜ੍ਹਾਂ
ਜ਼ਮੀਨ 'ਚ ਨਹੀਂ ਹੁੰਦੀਆਂ
ਉਨ੍ਹਾਂ ਨੂੰ ਫੱਲ ਨਹੀਂ ਲੱਗਦੇ
ਉਨ੍ਹਾਂ 'ਚ ਜ਼ਿੰਦਗੀ ਨਹੀਂ ਹੁੰਦੀ
ਆਲ੍ਹਣੇ ਨਹੀਂ ਹੁੰਦੇ
ਉਨ੍ਹਾਂ ਤੇ ਪੰਛੀ ਨਹੀਂ ਆਉਂਦੇ

-0-

ਉਨ੍ਹਾਂ ਰੁੱਖ਼ਾਂ 'ਚ ਉਜਾੜਾਂ
ਪਤਝੜਾਂ ਉਦਾਸੀਆਂ ਤੇ
ਚੁੱਪ ਹੁੰਦੀ ਹੈ
ਉਨ੍ਹਾਂ ਰੁੱਖ਼ਾਂ ਦੀ ਬਾਂਝ ਕੁੱਖ਼ ਹੁੰਦੀ ਹੈ
ਉਹ ਖਲਾਅ 'ਚ ਉੱਗਦੇ ਹਨ
ਖਲਾਅ 'ਚ ਮਰਦੇ ਹਨ
ਇਹ ਅੰਬਰ 'ਚ ਉੱਗਣ ਤੋਂ
ਬਾਅਦ
ਮੈਂ ਜਾਣਿਆ ਹੈ
ਤੇ ਮਰਕੇ ਧਰਤੀ ਦਾ ਸੱਚ
ਪਹਿਚਾਣਿਆ ਹੈ

---

## ਬਿਰਖ ਦਾ ਅੰਤ

ਬਿਰਖ ਦੇ ਹੇਠਾਂ
ਇਕ ਤਪਦੀ ਨਦੀ ਆਈ
ਬਿਰਖ ਦੀ ਛਾਂ ਨੇ
ਉਸਨੂੰ ਜੀ ਆਇਆਂ
ਆਖਿਆ
ਆਪਣੇ ਫੱਲ ਨਦੀ ਦੀ
ਝੋਲੀ 'ਚ ਪਾਏ
ਨਦੀ ਦੀ ਭੁੱਖ ਤੱਪਸ਼ ਤੇ
ਪਿਆਸ ਬੁੱਝਾਈ

-0-

ਨਦੀ ਨੇ ਕੁੱਝ ਪਲਾਂ ਲਈ
ਰੁੱਖ਼ ਦੀ ਛਾਂ ਮਾਣੀ
ਫੁੱਲਾਂ ਫੱਲਾਂ ਤੇ ਰੁੱਖ਼ 'ਚ ਵਗਦੀ
ਠੰਡੀ ਹਵਾ ਮਾਣੀ
ਤੇ ਬੋਲੀ
ਮੇਰਾ ਆਦਿ ਪਹਾੜ ਹੈ
ਮੇਰਾ ਅੰਤ ਸਾਗਰ ਹੈ
ਹੁਣ ਮੈਂ ਚਲਦੀ ਹਾਂ
ਮੇਰਾ ਪੰਧ ਲੰਮੇਰਾ ਹੈ
ਸਮੁੰਦਰ ਮੇਰਾ ਵਸੇਰਾ ਹੈ
ਉਸ ਰੁੱਖ਼ ਨੂੰ ਅਲਵਿਦਾ ਆਖੀ
ਤੇ ਤੁਰ ਗਈ

-0-

ਬਿਰਖ ਦੀ ਛਾਂ ਹੇਠਾਂ
ਸੂਰਜ ਦੀ ਧੁੱਪ 'ਚ ਸੜਦਾ
ਸਮੁੰਦਰ ਆਇਆ
ਤੇ ਰੁੱਖ਼ ਦੀ ਛਾਂ ਹੇਠ
ਬੈਠ ਗਿਆ
ਰੁੱਖ਼ ਦੀ ਛਾਂ ਆਪਣੀ
ਦੇਹ 'ਚ ਉਤਾਰੀ
ਫੱਲਾਂ ਨਾਲ
ਆਪਣੀ ਭੁੱਖ ਮਿਟਾਈ
ਛਾਂ ਹੇਠ ਥੋੜ੍ਹੀ ਦੇਰ
ਲੇਟਿਆ
ਫਿਰ ਆਪਣਾ ਬੋਰੀ
ਬਿਸਤਰਾ ਸਮੇਟਿਆ
ਤੇ ਬੋਲਿਆ

-0-

ਮੈਂ ਸਹਿਰਾ ਦੀ ਪਿਆਸ
ਮਿਟਾਉਣੀ ਹੈ
ਇਕ ਇਕ ਬੂੰਦ ਆਪਣੀ
ਸਹਿਰਾ ਦੇ ਬੁੱਲ੍ਹੀਂ ਲਾਉਣੀ ਹੈ
ਹੁਣ ਮੈਂ ਚਲਦਾ ਹਾਂ
ਮੈਂ ਦੂਰ ਜਾਣਾ ਹੈ
ਸਹਿਰਾ ਦਾ ਬੜੀ ਦੂਰ
ਟਿਕਾਣਾ ਹੈ
ਸਮੁੰਦਰ ਨੇ ਰੁੱਖ਼ ਨੂੰ

ਅਲਵਿਦਾ ਆਖ਼ੀ
ਤੇ ਸਹਿਰਾ ਵੱਲ ਤੁਰ ਪਿਆ

-0-

ਬਿਰਖ ਹੇਠ
ਮੌਸਮ ਬਹਾਰਾਂ ਰੁੱਤਾਂ
ਖ਼ੁਸ਼ਬੂਆਂ ਆਈਆਂ
ਰੁੱਖ਼ ਦੀ ਛਾਂ ਹੰਢਾਉਦੀਆਂ
ਰੁੱਖ਼ ਦੇ ਫੱਲ ਖਾਂਦੀਆਂ
ਤੇ ਰੁੱਖ਼ ਦੇ ਗੀਤ ਗਾਉਂਦੀਆਂ
ਰੁੱਖ ਦੇ ਪੱਤਿਆਂ ਤੋਂ
ਜੜ੍ਹਾਂ ਤੱਕ ਦਾ ਸਫ਼ਰ ਕਰਦੀਆਂ
ਆਪਣੇ ਰੰਗ ਆਪਣੀ
ਖ਼ੁਸ਼ਬੂ ਰੁੱਖ਼ ਦੇ ਪਿੰਡੇ 'ਚ
ਧਰਦੀਆਂ
ਰੁੱਖ਼ ਦੀ ਛਾਂ ਹੇਠਾਂ
ਕੁੱਝ ਪਲ ਗੁਜ਼ਾਰ ਕੇ
ਬੋਲੀਆਂ

-0-

ਅਸੀਂ ਗੁਲਜ਼ਾਰ ਦੇ ਵਿਹੜੇ
ਜਾਣਾ ਹੈ
ਗੁਲਜ਼ਾਰ ਹੀ ਸਾਡਾ
ਟਿਕਾਣਾ ਹੈ
ਉਨ੍ਹਾਂ ਰੁੱਖ਼ ਨੂੰ ਅਲਵਿਦਾ ਆਖੀ
ਤੇ ਗੁਲਜ਼ਾਰ ਵੱਲ ਤੁਰ ਪਈਆਂ

ਗਰਮੀ 'ਚ ਉਬਲਦਾ
ਧੁੱਪ 'ਚ ਸੜਦਾ ਇਕ ਮੁਸਾਫ਼ਿਰ
ਰੁੱਖ਼ ਦੀ ਛਾਂ ਤੱਕ
ਰੁੱਖ਼ ਹੇਠ ਆ ਬੈਠਾ
ਰੁੱਖ਼ ਨੇ ਆਪਣੀ ਠੰਡਕ
ਉਸਦੇ ਪਿੰਡੇ 'ਚ ਉਤਾਰੀ
ਉਸਦੀ ਥਕਾਵਟ ਲਾਹੀ
ਫੱਲ ਉਸਨੂੰ ਭੇਂਟ ਕੀਤੇ
ਉਸਦੀ ਭੁੱਖ ਮਿਟਾਈ
ਮੁਸਾਫ਼ਿਰ ਦੀ ਦੇਹ 'ਚ
ਤਾਕਤ ਤੇ ਚੁਸਤੀ ਆਈ
ਕੁੱਝ ਚਿਰ ਮੁਸਾਫ਼ਿਰ
ਰੁੱਖ਼ ਦੀ ਛਾਂ ਹੇਠ ਵਿਸਮਿਆਂ
ਤੇ ਫਿਰ ਬੋਲਿਆ

-0-

ਹੁਣ ਮੈਂ ਚਲਦਾ ਹਾਂ
ਮੈਂ ਕਣਕ ਦੇ ਖੇਤਾਂ ਨੂੰ
ਪਾਣੀ ਲਾਉਣਾ ਹੈ
ਦੁਨੀਆਂ ਦੀ ਭੁੱਖ ਮਿਟਾਉਣੀ ਹੈ
ਇਹੀ ਅੰਤ ਹੈ
ਇਸ 'ਚ ਜੀਵਨ ਬਿਤਾਉਣਾ ਹੈ

-0-

ਉਸਨੇ ਰੁੱਖ਼ ਨੂੰ
ਅਲਵਿਦਾ ਆਖੀ ਤੇ ਤੁਰਨ ਲੱਗਾ

ਰੁੱਖ਼ ਬੋਲਿਆ
ਐ ਭਲੇ ਪੁਰਸ਼
ਨਦੀ ਸਮੁੰਦਰ ਬਹਾਰਾਂ ਮੌਸਮ
ਰੁੱਤਾਂ
ਸਭ ਨੂੰ ਆਪਣੇ ਆਪਣੇ
ਅੰਤਾਂ ਦਾ ਪਤਾ ਹੈ
ਤੂੰ ਭਲਾ ਪੁਰਸ਼ ਹੈਂ ਚੇਤਨ ਹੈਂ
ਸੂਝਵਾਨ ਹੈਂ
ਮੈਂ ਚੇਤਨਹੀਣ ਜੜ੍ਹ ਹਾਂ
ਮੈਨੂੰ ਦਸ ਜਾ
ਮੇਰਾ ਅੰਤ ਕੀ ਹੈ

-0-

ਪੁਰਸ਼ ਬੋਲਿਆ
ਤੂੰ ਰੁੱਖ਼ ਹੈਂ
ਤੇਰੇ ਚੋਂ ਜਦ ਹਰਿਆਵਲ
ਸੁੱਕ ਜਾਏਗੀ
ਤੇਰੀ ਬਹਾਰ ਜਦ ਮੁੱਕ ਜਾਏਗੀ
ਤੇਰੇ ਤੇ ਕੋਈ ਪੱਤਾ
ਟਹਿਣੀ ਨਹੀਂ ਰਹਿਣੀ
ਤੇਰੇ ਚੋਂ ਤੇਰਾ ਜੀਵਨ ਛਣ ਜਾਏਗਾ
ਤੂੰ ਮਨੁੱਖੀ ਸਿਵਿਆਂ ਦਾ
ਬਾਲ਼ਣ ਬਣ ਜਾਏਂਗਾ
ਇਹ ਕਹਿ ਕੇ
ਮੁਸਾਫ਼ਿਰ ਤੁਰ ਗਿਆ

-0-

ਰੁੱਖ਼
ਆਪਣੇ ਗਲ ਲੱਗ
ਬੜਾ ਹੀ ਰੋਇਆ
ਕਿ ਸਾਰੀ ਜ਼ਿੰਦਗੀ
ਮੈਂ ਹਰਿਆਵਲ ਹੰਢਾਈ ਹੈ
ਤੇ ਛਾਂਵਾਂ ਵੰਡੀਆਂ ਹਨ
ਮੇਰਾ ਅੰਤ
ਅੱਗਣ ਦਾ ਰੂਪ ਧਾਰੇਗਾ
ਅਗਣੋ ਆਪਣੀ ਦੇਹ 'ਚ
ਉਤਾਰੇਗਾ

-0-

ਰੁੱਖ਼ ਦੀ ਲੱਕੜੀ ਦਾ
ਵਜ਼ੂਦ ਬੋਲਿਆ
ਤੇਰੀ ਲੱਕੜੀ ਸਿਰਫ਼
ਸਿਵਿਆਂ ਦਾ ਬਾਲਣ
ਹੀ ਨਹੀਂ
ਸਿਵਿਆਂ 'ਚ ਜਦ ਬਲੇਗੀ
ਮੌਤ ਦੇ ਹਨ੍ਹੇਰੇ 'ਚ ਚਾਨਣ ਕਰੇਗੀ
ਸਿਵਿਆਂ 'ਚ ਪਏ
ਮੁਰਦਿਆਂ ਦੀ ਦੇਹ 'ਚ ਸੂਰਜ
ਧਰੇਗੀ
ਮੁਰਦਿਆਂ ਨੂੰ ਮੌਤ ਦੇ ਹਨ੍ਹੇਰੇ ਤੋਂ
ਪਾਰ ਲੈ ਜਾਏਗੀ

ਤੇਰੀ ਲੱਕੜ ਬਾਲਣ ਹੀ ਨਹੀਂ
ਮੁਰਦਿਆਂ ਲਈ
ਜ਼ਿੰਦਗੀ ਦਾ ਨੂਰ ਕਹਾਏਗੀ

-0-

ਰੁੱਖ ਖ਼ੁਸ਼ੀ ਨਾਲ
ਲਹਿਰਾਉਣ ਲੱਗਾ
ਆਉਂਦੇ ਜਾਂਦੇ ਮੁਸਾਫ਼ਿਰ ਨੂੰ
ਸੁਣਾਉਣ ਲੱਗਾ
ਮੈਂ ਮਰਨ ਤੋਂ ਪਹਿਲਾਂ
ਸੜਦੇ ਸੂਰਜਾਂ ਲਈ ਛਾਂ ਹਾਂ
ਮਰਨ ਤੋਂ ਪਿਛੋਂ
ਮੁਰਦਿਆਂ ਦੇ ਹਨ੍ਹੇਰੇ ਲਈ
ਸੂਰਜ ਹਾਂ ਚਾਨਣ ਹਾਂ ਰਾਹ ਹਾਂ
ਜਿਸ ਰਾਹ ਤੇ
ਉਨ੍ਹਾਂ ਨੇ ਜਾਣਾ ਹੈ
ਤੇ ਮੌਤ ਤੋਂ ਪਿਛਲਾ
ਜ਼ਿੰਦਗੀ ਦਾ ਸਫ਼ਰ ਮੁਕਾਉਣਾ ਹੈ

---

## ਘਰ

ਆਪਣੇ ਘਰਾਂ ਦੇ ਦਰਵਾਜ਼ੇ
ਖੋਲ੍ਹੋ
ਤੇ ਦੂਜੇ ਘਰਾਂ ਨੂੰ
ਅੰਦਰ ਆਉਣ ਦਿਓ
ਆਪਣੇ ਘਰਾਂ ਦੀਆਂ ਕੰਧਾਂ ਨੂੰ
ਤੁਰਨ ਦਿਓ
ਬਾਹਰ ਨਿਕਲਣ ਦਿਓ
ਦੂਜਿਆਂ ਘਰਾਂ ਦੀਆਂ ਕੰਧਾਂ ਨੂੰ
ਆਪਣੇ ਘਰਾਂ ਦੇ
ਅੰਦਰ ਆਉਣ ਦਿਓ
ਵਿਹੜਿਆਂ ਨੂੰ ਵਿਹੜਿਆਂ ਨਾਲ
ਛੱਤਾਂ ਨੂੰ ਛੱਤਾਂ ਨਾਲ
ਆਪਣੇ ਆਪ ਨੂੰ
ਦੂਜਿਆਂ ਨਾਲ ਬਦਲੋ
ਆਪਣਾ ਆਪ ਸਮਝੋਗੇ
ਜੀਵਨ ਧਰਾਤਲ
ਤੇ ਜੀਵਨ ਦਾ ਸੱਚ ਜਾਣੋਗੇ

-0-

ਜਦ ਤੁਹਾਡਾ ਘਰ
ਦੂਜਿਆਂ ਦੇ ਘਰਾਂ ਨਾਲ
ਬਦਲ ਜਾਏਗਾ
ਤੇ ਦੂਜਿਆਂ ਦੇ ਘਰ
ਤੁਹਾਡੇ ਘਰਾਂ ਨਾਲ ਬਦਲ ਜਾਣਗੇ.

ਫਿਰ ਤੁਸੀਂ
ਦੂਜਿਆਂ ਦੇ ਘਰਾਂ 'ਚ ਵਸੋ
ਤੇ ਆਪਣੇ ਘਰਾਂ 'ਚ
ਦੂਜਿਆਂ ਨੂੰ ਵਸਣ ਦਿਓ
ਤੁਸੀਂ ਜੀਵਨ ਦਾ ਪ੍ਰਯੋਜਨ
ਸਮਝੋਗੇ
ਜੀਵਨ ਦਾ ਕਾਰਜ ਕਰਮ
ਤੇ ਸੱਚ ਸਮਝੋਗੇ

-0-

ਫਿਰ ਇਸ ਜੀਵਨ 'ਚ
ਆਪਣਾ ਆਪਣਾ ਜੀਵਨ
ਧਰਾਤਲ ਵਿਚਾਰੋ ਤੇ ਪਰਖੋ
ਤੁਸੀਂ ਦੂਜਿਆਂ ਲਈ
ਕਿੰਨੀਆਂ ਮਹਿਕਾਂ ਰੰਗ ਛਾਂਵਾਂ ਤੇ
ਸੁੱਖ ਬੀਜੇ ਹਨ
ਦੂਜੇ ਤੁਹਾਡੇ ਲਈ
ਕਿੰਨੇ ਦੁੱਖ ਗ਼ਮ ਔਕੜਾਂ
ਤੇ ਮੁਸੀਬਤਾਂ ਸਹਾਰਦੇ ਹਨ
ਸਮਝੋ
ਤੇ ਆਪਣੇ ਆਪਣੇ
ਅਮਲੀ ਜੀਵਨ 'ਚ ਉਤਾਰੋ

-0-

ਜੇ ਤੁਸੀਂ ਇੱਟ ਦਾ ਜਵਾਬ
ਪੱਥਰ ਨਾਲ ਦਿੰਦੇ ਹੋ

ਤਾਂ ਭੁੱਲ ਜਾਓ
ਤੁਸੀਂ ਦੂਜਿਆਂ ਲਈ
ਛਾਵਾਂ ਮਹਿਕਾਂ ਰੰਗ ਜਾਂ
ਸੁੱਖ ਬੀਜਦੇ ਹੋ
ਜੀਵਨ ਦਾ ਸੱਚ ਜਾਂ
ਪ੍ਰਯੋਜਨ ਸਮਝਦੇ ਹੋ

-0-

ਬਰਸਾਤਾਂ 'ਚ
ਤੁਹਾਡੀ ਛੱਤ ਚੋਏਗੀ
ਜਾਂ ਕਈ ਦਿਨ ਚੁੱਲ੍ਹਾ ਨਹੀਂ
ਬਲੇਗਾ
ਤੁਹਾਡੇ ਪੀਪੇ 'ਚ ਆਟਾ ਨਹੀਂ
ਹੋਵੇਗਾ
ਸਕੂਲ ਦੀ ਫੀਸ ਬਿਨ
ਤੁਹਾਡੇ ਬੱਚੇ ਘਰ ਬੈਠੇ ਹੋਣਗੇ
ਲਹਿਣੇਦਾਰ
ਤੁਹਾਡਾ ਦਰਵਾਜ਼ਾ ਖੜਕਾਏਗਾ
ਤਾਂ ਤੁਹਾਨੂੰ
ਗੁਵਾਂਢੀ ਜੀਵਨ ਦਾ
ਅਹਿਸਾਸ ਹੋਏਗਾ
ਦੀਵੇ ਦੀ ਰੌਸ਼ਨੀ
ਤੇ ਬਿਜਲੀ ਦੇ ਬਲਬ ਦਾ
ਪਾਸ ਹੋਏਗਾ

-0-

ਘਰਾਂ ਨਾਲ ਘਰ ਵਟਾਉਂਗੇ
ਰਹਿਣ ਨਾਲ ਰਹਿਣ ਵਟਾਉਂਗੇ
ਘਰਾਂ ਨੂੰ ਘਰਾਂ ਦੇ ਨਿੱਘ ਦਾ
ਵਸਣ ਨੂੰ ਵਸਣ ਦੀ ਸੁਵਿਧਾ
ਦਾ ਗਿਆਨ ਹੋਵੇਗਾ
ਤੁਹਾਨੂੰ ਜੀਵਨ ਕਾਰਜ
ਪ੍ਰਣਾਲੀ ਦੀ ਸਮਝ ਆਵੇਗੀ

-0-

ਆਪਣੇ
ਘਰਾਂ ਦੇ ਦਰਵਾਜ਼ੇ ਖੋਲ੍ਹੋ
ਕਿਸੇ ਦੇ ਜਾਣ ਦਾ
ਕਿਸੇ ਦਾ ਆਉਣ ਦਾ
ਅਹਿਸਾਸ ਹੋਵੇਗਾ
ਜੀਵਨ ਦਾ ਪ੍ਰਕਾਸ਼ ਹੋਵੇਗਾ

---



ਉਹ ਕਦੀ
ਮੈਨੂੰ ਤਾਰਿਆਂ ਦੀ ਛਾਂ
ਹੇਠ ਲੈ ਜਾਂਦਾ
ਕਦੀ ਸੂਰਜ ਦੇ ਸ਼ੀਸ਼ੇ 'ਚ ਸੇਕਦਾ
ਜਿਉਂ ਜਿਉਂ
ਉਹ ਮੈਨੂੰ ਤਪਾਂਦਾ ਉੱਬਾਲਦਾ
ਮੇਰੇ ਚੋਂ ਮੇਰਾ ਮੈਲਾ ਉਤਾਰਦਾ
ਉਹ ਸੁਹਾਗਾ
ਸੋਨੇ ਨੂੰ ਨਿਖਾਰਦਾ

–●–

ਇਹ ਉਹ ਸੀ
ਜਿਸ ਚਿੱਕੜ ਚੋਂ ਕੰਵਲ ਉੱਗਾ
ਦਿੱਤਾ
ਇਕ ਪੱਥਰ ਨੂੰ ਤਰਾਸ਼ਿਆ
ਤੇ ਬੁੱਤ ਬਣਾ ਦਿਤਾ

ਤ੍ਰੈਕਾਲ ਚੋਂ

ਰੁੱਖ਼ ਦੀ ਲੱਕੜੀ ਦਾ
ਵਜੂਦ ਬੋਲਿਆ
ਤੇਰੀ ਲੱਕੜੀ ਸਿਰਫ਼
ਸਿਵਿਆਂ ਦਾ ਬਾਲਣ ਹੀ ਨਹੀਂ
ਸਿਵਿਆਂ 'ਚ ਜਦ ਬਲੇਗੀ
ਮੌਤ ਦੇ ਹਨ੍ਹੇਰੇ 'ਚ ਚਾਨਣ ਕਰੇਗੀ
ਸਿਵਿਆਂ 'ਚ ਪਏ
ਮੁਰਦਿਆਂ ਦੀ ਦੇਹ 'ਚ ਸੂਰਜ
ਧਰੇਗੀ
ਮੁਰਦਿਆਂ ਨੂੰ ਮੌਤ ਦੇ ਹਨ੍ਹੇਰੇ ਤੋਂ
ਪਾਰ ਲੈ ਜਾਏਗੀ
ਤੇਰੀ ਲੱਕੜ ਬਾਲਣ ਹੀ ਨਹੀਂ
ਮੁਰਦਿਆਂ ਲਈ
ਜ਼ਿੰਦਗੀ ਦਾ ਨੂਰ ਕਹਾਏਗੀ

ਤ੍ਰਿਵੇਣੀ 'ਚੋਂ

–ਚਰਨ ਸਿੰਘ